# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 27 ਫਰਵਰੀ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬੀ ਨਾਇਕਾਂ ਦੇ ਸਨਮਾਨ ਨੇ ਅਮਿੱਟ ਛਾਪ ਛੱਡੀ

### ‘ਗਦਰ ਲਹਿਰ ਤੇ ਪੰਜਾਬੀ ਭਾਸ਼ਾ ਦਾ ਵਰਤਮਾਨ’ ਵਿਸ਼ੇ ‘ਤੇ ਤਿੰਨ ਰੋਜ਼ਾ ਗਿਆਰਵੀਂ ਵਰਲਡ ਪੰਜਾਬੀ ਕਾਨਫਰੰਸ ਜੂਨ 2025 ਦੇ ਅੱਧ ਵਿੱਚ ਕਰਵਾਈ ਜਾਏਗੀ: ਅਜੈਬ ਸਿੰਘ ਚੱਠਾ

ਵਰਲਡ ਪੰਜਾਬੀ ਟਾਈਮਜ਼
ਹਰਦੇਵ ਚੌਹਾਨ

ਚੰਡੀਗੜ੍ਹ, 27 ਫਰਵਰੀ : ਸ੍ਰੀ ਅਨੰਦਪੁਰ ਸਾਹਿਬ ਵਿਖੇ ‘ਵਿਰਾਸਤ ਏ ਖਾਲਸਾ’ ਆਡੀਟੋਰੀਅਮ ‘ਚ ਸਰਦਾਰ ਕੁਲਤਾਰ ਸਿੰਘ ਸੰਧਵਾ, ਸਪੀਕਰ, ਪੰਜਾਬ ਵਿਧਾਨ ਸਭਾ, ਬਤੌਰ ਮੁੱਖ ਮਹਿਮਾਨ ਦੀ ਹਾਜ਼ਰੀ ‘ਚ ਪੰਜਾਬੀ ਨਾਇਕਾਂ ਦਾ ਸਨਮਾਨ ਸਮਾਰੋਹ ਆਯੋਜਿਤ ਹੋਇਆ। ਇਸ ਸਮਾਰੋਹ ਵਿੱਚ ਪੰਜਾਬੀ ਨਾਇਕਾਂ, ਪੰਜਾਬੀ ਵਿਦਵਾਨਾਂ ਅਤੇ ਜਗਤ ਪੰਜਾਬੀ ਸਭਾ, ਕੈਨੇਡਾ ਦੇ ਮੈਂਬਰਾਂ ਦਾ ਸਨਮਾਨ ਹੋਇਆ।

ਇਸ ਮੌਕੇ ਪੰਜਾਬੀ ਨਾਇਕਾਂ ਨੂੰ ਸਨਮਾਨਿਤ ਕੀਤਾ ਗਿਆ ਜਿਨਾਂ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ,ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ, ਹਰਬੰਸ ਸਿੰਘ, ਕੱਬਡੀ ਖਿਡਾਰੀ, ਸੰਤ ਤੇਜਾ ਸਿੰਘ, ਮਨੁੱਖਤਾ ਦੀ ਸੇਵਾ ਕਰਨ ਵਾਲੇ ਗੁਰਪ੍ਰੀਤ ਸਿੰਘ, ਜਗਜੀਤ ਸਿੰਘ ਦਰਦੀ ਤੇ ਕੰਵਰ ਅਮ੍ਰਿਤਬੀਰ ਸਿੰਘ ਦੇ ਨਾਂ ਜਿਕਰਯੋਗ ਸਨ।





ਤਿੰਨ ਵਾਇਸ ਚਾਂਸਲਰਾਂ ਡਾ .ਜਸਵਿੰਦਰ ਸਿੰਘ, ਡਾ. ਧਰਮਜੀਤ ਸਿੰਘ ਤੇ ਡਾ. ਪ੍ਰਿਤਪਾਲ ਸਿੰਘ ਦੀ ਹਾਜ਼ਰੀ ‘ਚ ਪੰਜਾਬੀ ਵਿਦਵਾਨ ਡਾ. ਸਰਬਜੀਤ ਕੌਰ ਸੋਹਲ, ਸਾਬਕਾ ਪ੍ਰਧਾਨ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ, ਪ੍ਰੋ. ਅਛਰੂ ਸਿੰਘ, ਡਾ. ਧਰਮਿੰਦਰ ਸਿੰਘ ਉੱਭਾ, ਡਾ. ਗੁਰਬਿੰਦਰ ਸਿੰਘ, ਗੁਰਦਿਆਲ ਰੌਸ਼ਨ, ਦਰਸ਼ਨ ਬੁੱਟਰ, ਪ੍ਰਿੰਸੀਪਲ ਸਰਵਣ ਸਿੰਘ, ਪ੍ਰਿੰਸੀਪਲ ਜਸਵੀਰ ਸਿੰਘ, ਡਾ. ਹਰੀ ਸਿੰਘ ਜਾਚਕ, ਮਨਮੋਹਨ ਸਿੰਘ ਦਾਊਂ, ਨਵਦੀਪ ਸਿੰਘ ਗਿੱਲ, ਸੁਖਜੀਤ ਸਿੰਘ ਚੀਮਾ, ਰਾਜਿੰਦਰ ਸਹੂ, ਪ੍ਰੋ. ਕੁਲਜੀਤ ਕੌਰ, ਸ਼ੈਲਿੰਦਰਜੀਤ ਰਾਜਨ, ਕੀਰਤੀ ਕਿਰਪਾਲ, ਮਕਬੂਲ ਫਿਲਮਸਾਜ ਡਾ. ਲੱਖਾ ਲਹਿਰੀ, ਰਾਮਲਾਲ ਭਗਤ, ਹਰਭਗਵੰਤ ਸਿੰਘ ਵੜੈਚ, ਸਰਬਜੀਤ ਸਿੰਘ ਐਡਵੋਕੇਟ, ਡਾ. ਰਜੀਵ ਕੁਮਾਰ, ਭੁਪਿੰਦਰ ਸਿੰਘ ਚੌਂਕੀਮਾਨ, ਡਾ. ਹਰਬੰਸ ਸਿੰਘ, ਜਗਦੀਪ ਸਿੰਘ ਮਾਂਗਟ, ਨਵਦੀਪ ਗਿੱਲ, ਕਮਲਜੀਤ ਬਨਵੈਤ, ਰਵਿੰਦਰ ਰੰਧਾਵਾ ਤੇ ਭਗਤ ਸਿੰਘ ਦੇ ਭਾਣਜੇ ਹਕੂਮਤ ਸਿੰਘ ਮੱਲੀ ਆਦਿ ਨਾਮ ਵਰ ਹਸਤੀਆਂ ਸ਼ਾਮਲ ਸਨ।

‘ਵਿਰਾਸਤ ਏ ਖਾਲਸਾ’ ਦੇ ਭਰੇ ਹੋਏ ਆਡੀਟੋਰੀਅਮ ‘ਚ ਦਸਵੀਂ ਵਲਰਡ ਪੰਜਾਬੀ ਕਾਨਫਰੰਸ ਦੀ ਕਾਰਵਾਈ ਰੀਲੀਜ਼ ਕੀਤੀ ਗਈ ਜੋ ਵੀ ਸੀ ਤੇ ਸਰਪ੍ਰਸਤ ਡਾ. ਐਸ. ਐਸ. ਗਿੱਲ ਨੂੰ ਸਮਰਪਿਤ ਸੀ। ਉਹਨਾਂ ਦੇ ਜੀਵਨ ‘ਤੇ ਡਾਕੂਮੈਂਟਰੀ ਵੀ ਵਿਖਾਈ ਗਈ। ਡਾ. ਲੱਖਾ ਲਹਿਰੀ ਦੀ ਨਿਰਦੇਸ਼ਨਾ ਹੇਠ ਤਿਆਰ ਕੀਤੀ ਇਕ ਅਧਿਆਪਕ ਦੇ ਉੱਚੇ ਤੇ ਸੁੱਚੇ ਕਿਰਦਾਰ ਨੂੰ ਦਿਖਾਉਂਦੀ ਯਾਦਗਾਰੀ ਫ਼ਿਲਮ ‘ਟੀਚਰ’ ਵੀ ਵਿਖਾਈ ਗਈ ਜਿਸ ਨੇ ਦਰਸ਼ਕਾਂ ਨੂੰ ਤਨੋ, ਮਨੋ ਪ੍ਰਭਾਵਿਤ ਕੀਤਾ। ਡਾ. ਹਰੀ ਸਿੰਘ ਜਾਚਕ ਦੀ ਕਵਿਤਾ, ਬਲਬੀਰ ਕੌਰ ਝੂਟੀ ਦੇ ਗੀਤ ਤੇ ਜਸਵਿੰਦਰ ਜੱਸੀ ਦਾ ਸ਼ਬਦ ਗਾਇਨ ਵੀ ਬੜਾ ਪ੍ਰਭਾਵਸ਼ਾਲੀ ਰਿਹਾ।

ਇਸ ਮੌਕੇ ਮਹਾਰਾਜਾ ਰਣਜੀਤ ਸਿੰਘ ਦੀ ਤਰਜ ‘ਤੇ ਬਣਾਇਆ ‘ਕਾਇਦਾ ਏ ਨੂਰ’ ਵਰਗਾ ਕਾਇਦਾ ਸਾਰੇ ਸਰੋਤਿਆਂ ‘ਚ ਵੰਡਿਆ ਗਿਆ। ਸਪੀਕਰ ਸ੍ਰੀ ਸੰਧਵਾਂ ਨੇ ਇਸ ਮੌਕੇ ਭਰੋਸਾ ਦਿਵਾਇਆ ਕਿ ਸਾਡੀ ਸਰਕਾਰ ਦੁਆਰਾ ਨੈਤਿਕਤਾ ਦਾ ਪਾਠ ਪੜ੍ਹਾਉਣ ਵਾਲਾ ਇਹ ਕਾਇਦਾ ਪੰਜਾਬ ਦੇ ਸਕੂਲੀ ਪਾਠ ਕਰਮ ਵਿੱਚ ਸ਼ਾਮਿਲ ਕਰਨ ਦੇ ਉਪਰਾਲੇ ਕੀਤੇ ਜਾਣਗੇ।

ਅਜੈਬ ਸਿੰਘ ਚੱਠਾ ਚੇਅਰਮੈਨ, ਸਰਦੂਲ ਸਿੰਘ ਥਿਆੜਾ ਪ੍ਰਧਾਨ, ਸੰਤੋਖ ਸਿੰਘ ਸੰਧੂ ਪ੍ਰਧਾਨ ਓਐਫਸੀ, ਜਸਵਿੰਦਰ ਸਿੰਘ ਸਲਾਹਕਾਰ, ਕੁਲਵਿੰਦਰ ਸਿੰਘ ਥਿਆੜਾ ਪ੍ਰਧਾਨ ਭਾਰਤ, ਪ੍ਰਿ. ਹਰਕੀਰਤ ਕੌਰ ਪ੍ਰਧਾਨ ਪੰਜਾਬ, ਡਾ. ਸਤਿੰਦਰ ਕੌਰ ਕਾਹਲੋਂ, ਡਾ. ਮਨਪ੍ਰੀਤ ਕੌਰ, ਗੁਰਵੀਰ ਸਿੰਘ ਸਰੌਂਦ, ਡਾ. ਮਨਿੰਦਰਜੀਤ ਕੌਰ , ਬਲਵਿੰਦਰ ਕੌਰ ਚੱਠਾ, ਪ੍ਰਿ. ਸ਼ਰਨਜੀਤ ਕੌਰ, ਡਾ. ਗੁਰਪ੍ਰੀਤ ਕੌਰ, ਸੁਦਾਗਰ ਸਿੰਘ, ਬਲਵਿੰਦਰ ਸਿੰਘ ਚੱਠਾ ਅਮਰੀਕਾ ਵਾਲੇ ਤੇ ਸਮੁੱਚੀ ਟੀਮ ਦੀ ਮਿਹਨਤ ਸਦਕਾ ਸਮਾਗਮ ਅਨੁਸ਼ਾਸਨ ਵਿੱਚ ਰਿਹਾ ਤੇ ਸਫਲਤਾਪੂਰਵਕ ਨੇਪਰੇ ਚੜ੍ਹਿਆ।

ਜ਼ਿਕਰਯੋਗ ਹੈ ਕਿ ਜਗਤ ਪੰਜਾਬੀ ਸਭਾ, ਕੈਨੇਡਾ ਵਾਲੇ ਪੰਜਾਬ ਅਤੇ ਪੰਜਾਬੀ ਦੇ ਮੁਦਈ ਸਰਦਾਰ ਅਜੈਬ ਸਿੰਘ ਚੱਠਾ ਕੈਨੇਡਾ ਵਿੱਚ 10 ਸਫਲ ਤੇ ਯਾਦਗਾਰੀ ਪੰਜਾਬੀ ਵਿਸ਼ਵ ਕਾਨਫਰੰਸਾਂ ਵੀ ਕਰਵਾ ਚੁੱਕੇ ਹਨ। ਉਹਨਾਂ ਦੱਸਿਆ ਕਿ ਹੁਣ ‘ਗਦਰ ਲਹਿਰ ਤੇ ਪੰਜਾਬੀ ਭਾਸ਼ਾ ਦਾ ਵਰਤਮਾਨ’ ਵਿਸ਼ੇ ‘ਤੇ ਤਿੰਨ ਰੋਜ਼ਾ ਗਿਆਰਵੀਂ ਵਰਲਡ ਪੰਜਾਬੀ ਕਾਨਫਰੰਸ ਜੂਨ 2025 ਦੇ ਅੱਧ ਵਿੱਚ ਕਰਵਾਈ ਜਾ ਰਹੀ ਹੈ ਜਿਸ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਬਹੁਤ ਹੀ ਸੰਜੀਦਗੀ ਨਾਲ 2027 ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਅੱਗੇ ਵੱਧ ਰਹੀ ਹੈ

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ




ਅੰਮ੍ਰਿਤਸਰ 27 ਫਰਵਰੀ : ਮਾਂ ਬੋਲੀ ਦਿਵਸ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਸੈਮੀਨਾਰ ਅੰਮ੍ਰਿਤਸਰ ਵਿਖੇ ਪ੍ਰੈੱਸ ਕਲੱਬ ਵਿਖੇ ਕਰਵਾਇਆ ਗਿਆ। ਇਸ ਸੈਮੀਨਾਰ ਦਾ ਮਕਸੱਦ ਇਹ ਸੀ ਕਿ ਪਾਰਟੀ ਜਿੱਥੇ ਪੰਥਕ ਅਤੇ ਸਿਆਸੀ ਮੁੱਦਿਆਂ ਉੱਤੇ ਖੁੱਲ ਕੇ ਆਪਣੇ ਵਿਚਾਰ ਰੱਖਦੀ ਹੈ ਅਤੇ ਲੋਕ ਹਿੱਤਾਂ ਲਈ ਅਵਾਜ਼ ਬੁਲੰਦ ਕਰਦੀ ਹੈ ਉੱਥੇ ਹੀ ਪਾਰਟੀ ਸਮਾਜਿਕ ਮੁੱਦਿਆਂ ਉੱਤੇ ਵੀ ਆਪਣੀ ਤਵੱਜੋ ਦੇ ਕੇ ਪੰਜਾਬ ਦੇ ਵਿਰਸੇ ਅਤੇ ਸੱਭਿਆਚਾਰ ਨੂੰ ਬਚਾਉਣ ਦੀ ਲਹਿਰ ਵਿੱਚ ਆਪਣਾ ਯੋਗਦਾਨ ਪਾ ਸਕੇ। ਪਾਰਟੀ ਦੇ ਸਾਰੇ ਮੈਂਬਰਾਂ ਨੇ ਇਸ ਸੈਮੀਨਾਰ ਵਿੱਚ ਸ਼ਮੂਲੀਅਤ ਕਰਕੇ ਉੱਘੇ ਬੁਲਾਰਿਆਂ ਦੇ ਵਿਚਾਰ ਸੁਣੇ। ਇਸ ਮੌਕੇ ਤੇ ਪਾਰਟੀ ਦੇ ਅਹੁੱਦੇਦਾਰਾਂ ਨੇ ਆਉਣ ਵਾਲੇ ਸਮੇਂ ਵਿੱਚ ਸਮਾਜਿਕ ਪੱਧਰ ਤੇ ਕੀਤੇ ਜਾ ਸਕਣ ਵਾਲੇ ਹੋਰ ਵੀ ਕਾਰਜ ਉਲੀਕੇ। ਜਿਸ ਵਿੱਚ ਅੱਖਾਂ ਦੇ ਚੈੱਕ-ਐਪ ਕੈਂਪ ਅਤੇ ਖ਼ੂਨ ਦਾਨ ਕੈਂਪ ਲਗਾਉਣ ਬਾਰੇ ਯੋਜਨਾ ਕੀਤੀ ਗਈ। ਆਮ ਜਨਤਾ ਲਈ ਕਿਸੇ ਵੀ ਤਰਾਂ ਦੇ ਦਫ਼ਤਰੀ ਦਸਤਾਵੇਜ਼ ਨੂੰ ਬਣਾਉਣ ਜਾਂ ਹਾਂਸਿਲ ਕਰਣ ਨੂੰ ਸੁਖਾਲਾ ਬਣਾਉਣ ਲਈ ਸਹਾਇਤਾ ਟੀਮ ਗਠਿਤ ਕਰਣ ਦੀ ਯੋਜਨਾ ਕੀਤੀ ਗਈ। ਪਾਰਟੀ ਦੇ ਵਿਸਥਾਰ ਲਈ ਜ਼ਿਲਾ ਅੰਮ੍ਰਿਤਸਰ ਅਤੇ ਜ਼ਿਲਾ ਤਰਨਤਾਰਨ ਵਿਖੇ ਪਾਰਟੀ ਦੀ ਮੈਂਬਰਸ਼ਿੱਪ ਲੈਣ ਲਈ ਫਾਰਮ ਭਰਣ ਦੀ ਮੁਹਿੰਮ ਨੂੰ ਤੇਜ਼ ਕਰਣ ਲਈ ਵੱਖ-ਵੱਖ ਜਗ੍ਹਾ ਨਿਰਧਾਰਿਤ ਕਰਕੇ ਮੈਂਬਰਾਂ ਨੂੰ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਇਸ ਮੌਕੇ ਪਾਰਟੀ ਦੇ ਸਾਰੇ ਮੌਜੂਦਾ ਮੈਂਬਰਾਂ ਨੇ ਫੈਂਸਲਾ ਕੀਤਾ ਕਿ ਜਲਦ ਹੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੈਂਬਰਾਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਦੇ ਕੇ ਪਾਰਟੀ ਦੇ ਵਿਕਾਸ ਲਈ ਪੰਜਾਬ ਦੇ ਹਰ ਜਿਲੇ ਵਿੱਚ ਕਾਰਜ ਕੀਤੇ ਜਾਣ। ਤਾਂ ਜੋ 2027 ਵਿੱਚ ਆਉਣ ਵਾਲੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਪੰਜਾਬ ਦੇ ਵਿੱਚ ਨਵੇਂ ਸਿਆਸੀ ਚਹਿਰੇ ਲੈ ਕੇ ਇੱਕ ਧਾਕੜ ਜਿੱਤ ਆਪਣੇ ਨਾਮ ਕਰੇਗੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਬਹੁਤ ਹੀ ਸੰਜੀਦਗੀ ਨਾਲ 2027 ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਅੱਗੇ ਵੱਧ ਰਹੀ ਹੈ ਅਤੇ ਪੰਜਾਬ ਦੀ ਜਨਤਾ ਨੂੰ ਪੜੇ ਲਿਖੇ, ਸੂਝਵਾਨ ਅਤੇ ਮਿਹਨਤੀ ਨੌਜਵਾਨ ਆਗੂ 2027 ਵਿੱਚ ਲੀਡਰ ਵਜੋਂ ਦੇਣ ਲਈ ਵਚਨਬੱਧ ਹੈ। ਇਸ ਸਮੇਂ ਪਾਰਟੀ ਦੇ ਹੋਣਹਾਰ ਆਗੂ ਰਵੀਸ਼ੇਰ ਸਿੰਘ, ਸਿਮਰਨਜੀਤ ਸਿੰਘ, ਹਰਮਨਦੀਪ ਸਿੰਘ ਸ਼ਹਿਰੀ ਪ੍ਰਧਾਨ ਅੰਮ੍ਰਿਤਸਰ, ਰਸ਼ਪਿੰਦਰ ਕੌਰ ਗਿੱਲ ਜਨਰਲ ਸਕੱਤਰ ਪੰਜਾਬ ਇਸਤਰੀ ਵਿੰਗ, ਜਸਬੀਰ ਸਿੰਘ ਬੱਚੜੇ ਜਥੇਬੰਧਕ ਸਕੱਤਰ ਮਾਝਾ ਜੋਨ, ਹਰਜੀਤ ਸਿੰਘ ਮਿਆਂਪੁਰ ਜ਼ਿਲਾ ਪ੍ਰਧਾਨ ਤਰਨਤਾਰਨ ਅਤੇ ਤਰਲੋਕ ਸਿੰਘ ਬਿੱਟੂ ਜੀ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ।

## ਯਾਦਗਾਰੀ ਹੋ ਨਿਬੜਿਆ ਮਹਿਕਦੇ ਅਲਫ਼ਾਜ਼ ਸਾਹਿਤ ਸਭਾ ਵੱਲੋਂ ਮਾਂ -ਬੋਲੀ ਪੰਜਾਬੀ ਦਿਹਾੜੇ ਨੂੰ ਸਮਰਪਿਤ ਵਿਚਾਰ ਚਰਚਾ ਅਤੇ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ




ਚੰਡੀਗੜ੍ਹ, 27 ਫਰਵਰੀ : ਮਹਿਕਦੇ ਅਲਫ਼ਾਜ਼ ਸਾਹਿਤ ਸਭਾ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਪ੍ਰੋਗਰਾਮ ਜ਼ੂਮ ਐੱਪ ਤੇ 22 ਫਰਵਰੀ ਦਿਨ ਸ਼ਨੀਵਾਰ ਨੂੰ ਕਰਵਾਇਆ ਗਿਆ । ਪ੍ਰੋਗਰਾਮ ਦੇ ਸ਼ੁਰੂ ਵਿਚ ਸਭ ਤੋਂ ਪਹਿਲਾਂ ਸਭਾ ਦੇ ਸਰਪ੍ਰਸਤ ਨਾਮਵਰ ਗ਼ਜ਼ਲਗੋ ਡਾ. ਗੁਰਚਰਨ ਕੌਰ ਕੋਚਰ ਅਤੇ ਸਭਾ ਦੇ ਸੰਸਥਾਪਕ ਅਤੇ ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆ ਨੇ ਸਭ ਨੂੰ ਜੀ ਆਇਆਂ ਕਿਹਾ। ਪ੍ਰੋਗਰਾਮ ਦਾ ਆਗਾਜ਼ ਨਾਮਵਰ ਸ਼ਾਇਰਾ ਅਤੇ ਗਾਇਕਾ ਮੀਤਾ ਖੰਨਾ ਨੇ ਆਪਣੀ ਸੁਰੀਲੀ ਆਵਾਜ਼ ਵਿਚ ਆਪਣੇ ਗੀਤ ਦੇ ਮਿੱਠੇ ਬੋਲਾਂ ਨਾਲ ਕੀਤੀ।ਉਸ ਤੋਂ ਬਾਦ ਨਾਮਵਰ ਸ਼ਾਇਰ ਅਮਨਬੀਰ ਸਿੰਘ ਧਾਮੀ ਅਤੇ ਸ਼ਾਇਰਾ ਅੰਜੂ ਅਮਨਦੀਪ ਗਰੋਵਰ ਨੇ ਬੜੇ ਸੁਹਿਰਦ ਸ਼ਬਦਾਂ ਨਾਲ ਪ੍ਰੋਗਰਾਮ ਦੀ ਹੋਸਟਿੰਗ ਕੀਤੀ ਅਤੇ ਸਭ ਦੀ ਵਾਹ ਵਾਹ ਖੱਟੀ।

ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਡਾ. ਆਤਮ ਸਿੰਘ ਰੰਧਾਵਾ (ਪ੍ਰਧਾਨ, ਪੰਜਾਬ ਸਾਹਿਤ ਅਕਾਡਮੀ, ਚੰਡੀਗੜ੍ਹ) ਅਤੇ ਵਿਸ਼ੇਸ਼ ਮਹਿਮਾਨ ਸ.ਅਰਵਿੰਦਰ ਸਿੰਘ ਢਿੱਲੋਂ (ਮੀਤ ਪ੍ਰਧਾਨ ਪੰਜਾਬ ਸਾਹਿਤ ਅਕਾਡਮੀ ਚੰਡੀਗੜ੍ਹ) ਰਹੇ। ਇਸ ਸਮਾਗਮ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਮਾਂ ਬੋਲੀ ਲਈ ਕੰਮ ਕਰ ਰਹੇ ਅਦਾਰਿਆਂ ਦੇ ਪ੍ਰਬੰਧਕਾਂ ਨੇ ਆਪਣੀ ਹਾਜ਼ਰੀ ਲਗਵਾਈ। ਇਸ ਸਮਾਗਮ ਵਿੱਚ ਜਿੱਥੇ ਉਨ੍ਹਾਂ ਪ੍ਰਬੰਧਕਾਂ ਨੇ ਆਪਣੀਆਂ- ਆਪਣੀਆਂ ਸਾਹਿਤ ਸਭਾਵਾਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਉੱਥੇ ਉਹਨਾਂ ਨੇ ਮਾਂ ਬੋਲੀ ਦੇ ਪ੍ਰਚਾਰ ,ਪ੍ਰਸਾਰ ਅਤੇ ਪ੍ਰਫੁੱਲਤਾ ਲਈ ਕੀਤੇ ਜਾਣ ਵਾਲੇ ਉਪਰਾਲੇ ਅਤੇ ਉਦਮਾਂ ਬਾਰੇ ਵੀ ਚਾਨਣਾ ਪਾਇਆ ਅਤੇ ਮਾਂ ਬੋਲੀ ਨੂੰ ਘਰ ਘਰ ਪਹੁੰਚਾਉਣ ਦਾ ਦਾਅਵਾ ਵੀ ਕੀਤਾ। ਇਸ ਵਿੱਚ ਸਿੱਖ ਵਿਦਵਾਨ ਡਾ. ਹਰਜਿੰਦਰ ਸਿੰਘ ਦਲਗੀਰ ਨੇ ਮਾਂ-ਬੋਲੀ, ਸਾਹਿਤ ਅਤੇ ਸੱਭਿਆਚਾਰ ਲਈ ਕੰਮ ਕਰ ਰਹੇ ਸਾਹਿਤਕਾਰਾਂ ਨੂੰ ਬਣਦਾ ਮਾਣ ਸਨਮਾਨ ਕਰਨ ਦੀ ਗੱਲ ਕੀਤੀ। ਡਾਕਟਰ ਰਜ਼ਾਕ ਸ਼ਾਹਿਦ (ਡਾਇਰੈਕਟਰ, ਵਰਲਡ ਪੰਜਾਬੀ ਸੈਂਟਰ, ਲਾਹੌਰ) ਨੇ ਅੱਜ ਦੀ ਯੁਵਾ ਪੀੜੀ ਨੂੰ ਮਾਂ ਬੋਲੀ ਨਾਲ ਜੋੜਨ ਦੀ ਗੱਲ ਕੀਤੀ। ਇਟਲੀ ਤੋਂ ਨਾਮਵਰ ਸ਼ਾਇਰ ਦਲਜਿੰਦਰ ਰਾਹਲ ਨੇ ਕਿਹਾ ਕਿ ਜੇ ਅੱਜ ਦੀ ਸਾਹਿਤਕਾਰ ਨੌਜਵਾਨ ਪੀੜ੍ਹੀ ਸੁਹਿਰਦ ਰਹੇਗੀ ਤਾਂ ਸਾਡੀ ਮਾਂ ਬੋਲੀ ਨੂੰ ਕੋਈ ਖਤਰਾ ਨਹੀਂ ਹੈ। ਤੇ ਇਸ ਤੋਂ ਬਿਨਾਂ ਡਾ. ਨਾਇਬ ਸਿੰਘ ਮੰਡੇਰ, (ਪ੍ਰਧਾਨ ਭਾਰਤ ਵਿੰਗ ਓਂਟੈਰੀਓ ਫਰੈਂਡਜ਼ ਕਲੱਬ ) ਪੰਥਕ ਕਵੀ ਡਾ. ਹਰੀ ਸਿੰਘ ਜਾਚਕ, (ਮੈਂਬਰ ਪ੍ਰਬੰਧਕੀ ਬੋਰਡ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ) ਨਾਮਵਰ ਸ਼ਾਇਰ ਨਦੀਮ ਅਫ਼ਜ਼ਲ (ਸੰਚਾਲਕ ਪੱਕੀਆਂ ਥਾਵਾਂ ਲਹਿੰਦਾ ਪੰਜਾਬ) ਆਸ਼ਾ ਸ਼ਰਮਾ (ਪ੍ਰਧਾਨ ਰਾਸ਼ਟਰੀ ਕਾਵਿ ਸਾਗਰ, ਪੰਜਾਬ) ਰਮਨਦੀਪ ਰੰਮੀ (ਸੰਸਥਾਪਕ, ਪੁੰਗਰਦੇ ਹਰਫ਼ ਸਾਹਿਤਕ ਮੰਚ) ਸਿਮਰਪਾਲ ਕੌਰ ਬਠਿੰਡਾ( ਪ੍ਰਧਾਨ ਬਿਆਨ-ਏ- ਹਰਫ਼ ਸਾਹਿਤਕ ਮੰਚ ) ਲਾਡੀ ਝੋਕ ਵਾਲਾ (ਸੰਸਥਾਪਕ, ਬਿਆਨ-ਏ- ਹਰਫ਼ ਸਾਹਿਤਕ ਮੰਚ) ,ਪੰਥਕ ਕਵੀ ਡਾ. ਦਲਬੀਰ ਸਿੰਘ ਰਿਆੜ, ਜਗਦੀਸ਼ ਕੌਰ, ਨਾਮਵਰ ਸਾਹਿਤਕਾਰ ਗੁਰਚਰਨ ਸਿੰਘ ਜੋਗੀ,ਅਸ਼ੋਕ ਭੰਡਾਰੀ, ਡਾ. ਜਗਦੀਪ ਕੌਰ, ਹਰਦਿਆਲ ਸਿੰਘ ਝੀਤਾ,ਪਿਆਰਾ ਸਿੰਘ . ਸੁਰਜੀਤ ਸਿੰਘ ਧੀਰ ਅਤੇ ਹੋਰ ਕਈ ਸਾਹਿਤ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਅੰਤ ਵਿੱਚ ਵਿਸ਼ੇਸ਼ ਮਹਿਮਾਨ ਸ.ਅਰਵਿੰਦਰ ਸਿੰਘ ਢਿੱਲੋ ਨੇ ਸਰਪ੍ਰਸਤ ਡਾ.ਗੁਰਚਰਨ ਕੌਰ ਕੋਚਰ ਅਤੇ ਸੰਸਥਾਪਕ ਅਤੇ ਪ੍ਰਧਾਨ ਡਾ.ਰਵਿੰਦਰ ਕੌਰ ਭਾਟੀਆ ਦਾ ਇਸ ਵਧੀਆ ਸਮਾਗਮ ਉਲੀਕਣ ਲਈ ਸ਼ਲਾਘਾ ਕੀਤੀ । ਉਨਾਂ ਨੇ ਵੱਖ-ਵੱਖ ਮੰਚਾਂ ਦੇ ਪ੍ਰਬੰਧਕਾਂ ਨੂੰ ਇੱਕਜੁੱਟ ਹੋ ਕੇ ਅਜਿਹੇ ਸਮਾਗਮ ਉਲੀਕਣ ਅਤੇ ਮਾਂ ਬੋਲੀ ਦੇ ਪ੍ਰਚਾਰ, ਪ੍ਰਸਾਰ ਅਤੇ ਪ੍ਰਫੁੱਲਤਾ ਲਈ ਮਿਲ ਕੇ ਕਦਮ ਚੁੱਕਣ ਤੇ ਜੋਰ ਦਿੱਤਾ। ਅੰਤ ਵਿੱਚ ਸੰਸਥਾਪਕ ਅਤੇ ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆ ਨੇ ਆਏ ਹੋਏ ਸਾਰੇ ਹੀ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਈਟ ਰਾਈਟ ਇੰਡੀਆ ਸਾਈਕਲਥੋਨ ਦਾ ਆਯੋਜਨ, ਵਿਧਾਇਕ ਸੇਖੋਂ ਨੇ ਦਿੱਤੀ ਹਰੀ ਝੰਡੀ

### 28 ਫਰਵਰੀ ਨੂੰ ਹੋਣ ਵਾਲੇ ਈਟ ਰਾਈਟ ਮੇਲੇ ਵਿੱਚ ਭਾਗ ਲੈਣ ਲਈ ਜ਼ਿਲ੍ਹਾ ਵਾਸੀਆਂ ਨੂੰ ਦਿੱਤਾ ਸੱਦਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 27 ਫਰਵਰੀ : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਿਹਤਵਿਭਾਗ ਤੇ ਫ਼ਰੀਦਕੋਟ ਸਾਈਕਲਿੰਗ ਗਰੁੱਪ ਵੱਲੋਂ ਕਰਵਾਏ ਗਏ ਈਟ ਰਾਈਟ ਇੰਡੀਆ ਸਾਈਕਲਥੋਨ ਨੂੰ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਅਤੇ ਉਨ੍ਹਾਂ ਆਪ ਵੀ ਇਸ ਸਾਈਕਲਥੋਨ ਵਿੱਚ ਭਾਗ ਲਿਆ। ਉਨ੍ਹਾਂ ਕਿਹਾ ਕਿ ਜੇਕਰ ਸਾਡਾ ਸਰੀਰ ਤੰਦਰੁਸਤ ਨਹੀਂ ਹੈ ਤਾਂ ਅਸੀਂ ਜ਼ਿੰਦਗੀ ਦਾ ਕੋਈ ਆਨੰਦ ਨਹੀਂ ਮਾਣ ਸਕਦੇ, ਇਸ ਪ੍ਰੋਗਰਾਮ ਦਾ ਮੁੱਖ ਮਕਸਦ ਲੋਕਾਂ ਨੂੰ ਸਹੀ ਖਾਣਾ ਅਤੇ ਕਿਵੇਂ ਖਾਣਾ ਹੈ ਇਸ ਬਾਰੇ ਜਾਣਕਾਰੀ ਦੇਣਾ ਹੈ ਤਾਂ ਜੋ ਸਰੀਰ ਨੂੰ ਸਿਹਤਮੰਦ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸਰੀਰ ਨੂੰ ਰੋਗ ਰਹਿਤ ਅਤੇ ਤੰਦਰੁਸਤ ਰੱਖਣ ਲਈ ਕਸਰਤ ਕਰਨਾ ਬਹੁਤ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਈਕਲਥੋਨ ਵਿੱਚ ਭਾਗ ਲੈਣ ਵਾਲੇ ਉਮੀਦਵਾਰਾਂ ਨੂੰ ਟੀ-ਸ਼ਰਟ ਅਤੇ ਰਿਫੈਰਸ਼ਮੈਂਟ ਵੀ ਦਿੱਤੀ ਗਈ ਹੈ। ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਕਿਹਾ ਕਿ ਜਦੋਂ ਅਸੀਂ ਚੰਗਾ ਖਾਣਾ ਖਾਂਦੇ ਹਾਂ ਅਤੇ ਕਸਰਤ ਕਰਦੇ ਹਾਂ ਤਾਂ ਸਾਰੀਆਂ ਬਿਮਾਰੀਆਂ ਤੋਂ ਦੂਰ ਰਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰੀਰ ਨੂੰ ਤੰਦਰੁਸਤ ਰੱਖਣ ਲਈ ਸਾਈਕਲਿੰਗ, ਸੈਰ ਆਦਿ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਪ੍ਰਾਚੀਨ ਸੱਭਿਅਤਾ ਯੋਗ ਨਾਲ ਜੁੜਨਾ ਚਾਹੀਦਾ ਹੈ। ਪੰਜਾਬ ਸਰਕਾਰ ਦੇ ਉਪਰਾਲੇ ਸਦਕਾ ਸੀ.ਐਮ. ਦੀ ਯੋਗਸ਼ਾਲਾ ਤਹਿਤ ਯੋਗਾ ਕਲਾਸਾਂ ਵੀ ਲਾਈਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਾਬਾ ਫਰੀਦ ਸੱਭਿਆਚਾਰਕ ਕੇਂਦਰ ਵਿਖੇ 28 ਫਰਵਰੀ ਨੂੰ ਈਟ ਰਾਈਟ ਮੇਲੇ ਦਾ ਆਯੋਜਨ ਵੀ ਕੀਤਾ ਜਾ ਰਿਹਾ ਹੈ, ਜੋ ਕਿ ਲੋਕਾਂ ਵਿੱਚ ਚੰਗਾ ਖਾਣ ਪੀਣ ਨੂੰ ਉਤਸ਼ਾਹਿਤ ਕਰਨ ਲਈ ਮਨਾਇਆ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਨੁੱਕੜ ਨਾਟਕ, ਸਭਿਆਚਾਰਕ ਪ੍ਰੋਗਰਾਮ, ਪੌਸ਼ਟਿਕ ਭੋਜਨ ਦੇ ਫੂਡ ਸਟਾਲ, ਫੂਡ ਸੇਫਟੀ ਆਨ ਵੀਲਸ ਪ੍ਰਦਰਸ਼ਨੀ ਅਤੇ ਸਕੂਲੀ ਬੱਚਿਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਮੇਲੇ ਦਾ ਆਕਰਸ਼ਣ ਹੋਣਗੇ। ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਉਹ ਇਸ ਮੇਲੇ ਦਾ ਹਿੱਸਾ ਬਣ ਕੇ ਮੇਲੇ ਦਾ ਆਨੰਦ ਜਰੂਰ ਮਾਨਣ ਅਤੇ ਸਿਹਤ ਸੰਭਾਲ ਸਬੰਧੀ ਜਾਣਕਾਰੀ ਪ੍ਰਾਪਤ ਕਰਨ। ਇਸ ਮੌਕੇ ਸਿਵਲ ਸਰਜਨ ਡਾ. ਚੰਦਰਸ਼ੇਖਰ ਕੱਕੜ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਜੋ ਬਿਮਾਰੀਆਂ ਫੈਲ ਰਹੀਆਂ ਹਨ ਉਹ ਸਾਡੇ ਖਾਣ ਪੀਣ ਅਤੇ ਰਹਿਣ ਸਹਿਣ ਨਾਲ ਸੰਬੰਧਿਤ ਹਨ। ਲੋਕਾਂ ਨੂੰ ਚੰਗਾ ਖਾਣ ਅਤੇ ਤੰਦਰੁਸਤ ਰਹਿਣ ਬਾਰੇ ਜਾਗਰੂਕ ਕਰਨ ਲਈ ਈਟ ਰਾਈਟ ਮੇਲਾ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਹੁਣ ਫੂਡ ਦੀ ਕੁਆਲਿਟੀ ਤੇ ਜਿਆਦਾ ਫੋਕਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਦਾ ਪੰਜਾਬ ਨੂੰ ਸਿਹਤਮੰਦ ਬਣਾਉਣ ਦਾ ਸੁਪਨਾ ਹੈ, ਜਿਸ ਨੂੰ ਅੱਗੇ ਲਿਜਾਇਆ ਜਾ ਰਿਹਾ ਹੈ। ਇਸ ਮੌਕੇ ਫੂਡ ਸੇਫਟੀ ਅਫਸਰ ਹਰਵਿੰਦਰ ਸਿੰਘ, ਸਹਾਇਕ ਕਮਿਸ਼ਨਰ ਫੂਡ ਸੇਫਟੀ ਅੰਮ੍ਰਿਤਪਾਲ ਸਿੰਘ, ਐਸ ਐਮ ਓ ਡਾ ਪਰਮਜੀਤ ਬਰਾੜ, ਸਾਈਕਲਿੰਗ ਗਰੁੱਪ ਫਰੀਦਕੋਟ ਡਾ ਗਗਨ ਬਜਾਜ, ਡਾ ਕੁਲਦੀਪ ਧੀਰ, ਚੇਅਰਮੈਨ ਮਾਰਕੀਟ ਕਮੇਟੀ ਅਮਨਦੀਪ ਬਾਬਾ, ਰਿੰਕੂ ਸਮਾਧਾਂ ਵਾਲਾ, ਪ੍ਰੋਫੈਸਰ ਨਰਿੰਦਰਜੀਤ ਸਿੰਘ ਬਰਾੜ, ਬੀਈਈ ਡਾ ਪ੍ਰਭਦੀਪ ਸਿੰਘ ਚਾਵਲਾ ਹਾਜਰ ਸਨ।

## ਸ. ਇਮਾਨ ਸਿੰਘ ਮਾਨ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਮਨਾਇਆ ਗਿਆ ਪੰਜਾਬੀ ਮਾਂ ਬੋਲੀ ਦਿਵਸ

### 28 ਫਰਵਰੀ ਨੂੰ ਹੋਣ ਵਾਲੇ ਈਟ ਰਾਈਟ ਮੇਲੇ ਵਿੱਚ ਭਾਗ ਲੈਣ ਲਈ ਜ਼ਿਲ੍ਹਾ ਵਾਸੀਆਂ ਨੂੰ ਦਿੱਤਾ ਸੱਦਾ

ਵਰਲਡ ਪੰਜਾਬੀ ਟਾਈਮਜ਼
ਮਨਪ੍ਰੀਤ ਸਿੰਘ ਅਜ਼ਾਦ



ਅੰਮ੍ਰਿਤਸਰ-27 ਫਰਵਰੀ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਕਾਰਜਕਰੀ ਪ੍ਰਧਾਨ ਸ. ਇਮਾਨ ਸਿੰਘ ਮਾਨ ਅਤੇ ਜਨਰਲ ਸਕੱਤਰ ਉਪਕਾਰ ਸਿੰਘ ਸੰਧੂ ਦੀ ਅਗਵਾਈ ਹੇਂਠ ਪ੍ਰੈਸ ਕਲੱਬ ਨਿਊ ਅੰਮ੍ਰਿਤਸਰ ਵਿਖੇ ਪੰਜਾਬੀ ਮਾਂ ਬੋਲੀ ਦਿਵਸ ਮਨਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ। ਸੈਮੀਨਾਰ ਦੌਰਾਨ ਡਾਕਟਰ ਸੁਖਪ੍ਰੀਤ ਸਿੰਘ ਉਦੋਕੇ, ਭਾਈ ਬਲਜੀਤ ਸਿੰਘ ਖਾਲਸਾ, ਪ੍ਰਿੰਸੀਪਲ ਦੇਵਰਾਜ ਸਿੰਘ, ਪ੍ਰੋਫੈਸਰ ਸੁਖਵਿੰਦਰ ਸਿੰਘ, ਜੁਝਾਰ ਸਿੰਘ (ਸੱਥ) ਸੰਗਤਾਂ ਨੂੰ ਸੰਬੋਧਨ ਹੋਏ। ਗੱਲਬਾਤ ਦੌਰਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਸ. ਇਮਾਨ ਸਿੰਘ ਮਾਨ ਨੇ ਦੱਸਿਆ ਕਿ ਬਾਬਾ ਫਰੀਦ ਜੀ ਅਤੇ ਗੁਰੂ ਸਾਹਿਬਾਨਾਂ ਨੇ ਸਾਨੂੰ ਵੱਖਰੀ ਭਾਸ਼ਾ ਮਾਂ ਬੋਲੀ ਪੰਜਾਬੀ ਦੇ ਕੇ ਸਾਨੂੰ ਵੱਖਰੇ ਰਹਿਣ ਦਾ ਢੰਗ ਤਰੀਕਾ ਦੱਸਿਆ ਹੈ ਅਤੇ ਸਾਨੂੰ ਬਹੁਤ ਹੀ ਅਮੀਰ ਲਿੱਪੀ ਬਖਸ਼ਿਸ਼ ਕੀਤੀ ਹੈ। ਉਹਨਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਅੱਜ ਵਿਸ਼ੇਸ਼ ਸੈਮੀਨਾਰ ਅੰਮ੍ਰਿਤਸਰ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਤੋਂ ਬਾਅਦ 24 ਫਰਵਰੀ ਨੂੰ ਸ੍ਰੀ ਖਡੂਰ ਸਾਹਿਬ ਵਿਖੇ ਵੱਡੇ ਪੱਧਰ ਤੇ ਇਹ ਵਿਸ਼ਵ ਪੰਜਾਬੀ ਦਿਹਾੜਾ ਮਨਾਇਆ ਜਾਵੇਗਾ। ਉਹਨਾਂ ਨੇ ਦੱਸਿਆ ਕਿ ਇਹਨਾਂ ਸੈਮੀਨਾਰਾਂ ਦਾ ਸੁਨੇਹਾ ਇਹ ਹੈ ਕਿ ਆਪਣੀ ਪੰਜਾਬੀ ਮਾਂ ਬੋਲੀ ਦੀ ਸੰਭਾਲ ਕਰੀਏ। ਇਸ ਮੌਕੇ ਹਰਪਾਲ ਸਿੰਘ ਬਲੇਰ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਸਰਦੂਲ ਸਿੰਘ ਚੀਮਾ, ਜਸਬੀਰ ਸਿੰਘ ਬਚੜੇ, ਹਰਜੀਤ ਸਿੰਘ ਮੀਆਂਪੁਰ, ਬੀਬੀ ਬਲਵਿੰਦਰ ਕੌਰ, ਸ਼ਮਸ਼ੇਰ ਸਿੰਘ ਬਰਾੜ, ਕੁਲਵੰਤ ਸਿੰਘ ਮਝੈਲ, ਅਮਰੀਕ ਸਿੰਘ ਨੰਗਲ, ਤਰਲੋਕ ਸਿੰਘ ਬਿੱਟਾ, ਬੀਬੀ ਰਸ਼ਪਿੰਦਰ ਕੌਰ, ਲਵਪ੍ਰੀਤ ਸਿੰਘ ਤੂਫਾਨ, ਬਲਵਿੰਦਰ ਸਿੰਘ ਕਾਲਾ, ਬੀਬੀ ਕੁਲਵਿੰਦਰ ਕੌਰ, ਜਸਵਿੰਦਰ ਸਿੰਘ ਕਥਾਵਾਚਕ, ਕੁਲਵੰਤ ਸਿੰਘ ਕੋਟਲਾ, ਹਰਮਨਦੀਪ ਸਿੰਘ ਸੁਲਤਾਨਵਿੰਡ, ਰਵੀਸ਼ੇਰ ਸਿੰਘ, ਹਰਸਿਮਰਨ ਸਿੰਘ ਅਤੇ ਮਨਪ੍ਰੀਤ ਸਿੰਘ ਅਜ਼ਾਦ ਤੇ ਹੋਰ ਹਾਜ਼ਰ ਸਨ।

## ਸਾੜਾ



ਇੱਥੇ ਵੇਖ ਕੇ ਤਰੱਕੀ, ਕਈ ਸਾੜਾ ਕਰ ਜਾਂਦੇ ਨੇ,
ਇੱਕੋ ਥਾਲ਼ੀ ਖਾ ਕੇ ਵੀ,ਕਈ ਮਾੜਾ ਕਰ ਜਾਂਦੇ ਨੇ ,
ਕੈਂਚੀ ਦੀ ਥਾਂ ਜੜ੍ਹਾਂ 'ਤੇ, ਕੁਹਾੜੇ ਵਰ੍ਹ ਜਾਂਦੇ ਨੇ,
ਖੁਸ਼ੀ ਦੀ ਥਾਂ ਨੈਣੀਂ ਹੰਝੂ ,ਖਾਰੇ ਭਰ ਜਾਂਦੇ ਨੇ,
ਜਿਉਂਦੇ ਜੀਅ ਵੀ ਸੱਜਣ, ਪਿਆਰੇ ਮਰ ਜਾਂਦੇ ਨੇ,
ਬੇੜਾ ਠੇਲ੍ਹ ਕੇ ਸਮੁੰਦਰੀ,ਕਿਨਾਰਾ ਕਰ ਜਾਂਦੇ ਨੇ,
ਆਪਣੇ ਵੀ ਗੈਰਾਂ ਲਈ, ਹੁੰਗਾਰਾ ਭਰ ਜਾਂਦੇ ਨੇ,
ਕਈ ਪ੍ਰਿੰਸ ਸਿਰ ਐਵੇਂ ਇਲਜ਼ਾਮ ਧਰ ਜਾਂਦੇ ਨੇ,
ਹਾਰ ਵੇਖ ਕੇ ਅਸਾਂ ਦੀ ,ਕਈ ਸੀਨੇ ਠਰ ਜਾਂਦੇ ਨੇ,

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

## ਇਹਦੀ ਸ਼ਾਨ ਨਵਾਬੀ



ਪੜ੍ਹ ਪੰਜਾਬੀ, ਲਿਖ ਪੰਜਾਬੀ, ਬੋਲ ਪੰਜਾਬੀ ਯਾਰ
ਮਾਤ-ਭਾਸ਼ਾ ਦਾ ਕਰਨਾ ਸਿੱਖੀਏ, ਆਪਾਂ ਵੀ ਸਤਿਕਾਰ।
ਗੁਰੂਆਂ-ਭਗਤਾਂ ਦਾ ਗ੍ਰੰਥ, ਜੋ ਲਿਖਿਆ ਵਿਚ ਪੰਜਾਬੀ
ਏਸੇ ਗੁਰੂ ਗ੍ਰੰਥ ਤੋਂ ਮਿਲਦੀ, ਸਾਨੂੰ ਸਮਝ ਖ਼ੁਦਾ ਦੀ
ਪੰਜਾਬੀ ਇਨਸਾਨ ਬਣਾਇਆ, ਸਾਨੂੰ ਸਿਰਜਣਹਾਰ।
ਮਾਤ-ਭਾਸ਼ਾ ਦਾ...
ਇਸ ਭਾਸ਼ਾ ਵਿੱਚ ਫ਼ਰੀਦ, ਕਬੀਰ ਜੀ, ਰਚੇ ਨੇ ਕਈ ਸ਼ਲੋਕ
ਦੇਸ਼-ਵਿਦੇਸ਼ 'ਚ ਲੱਖਾਂ, ਏਹੋ ਬੋਲੀ ਬੋਲਣ ਲੋਕ
ਉਨ੍ਹਾਂ ਦਰਵੇਸ਼ਾਂ ਜਿਹਾ ਹੋਵੇ, ਸਾਡਾ ਵੀ ਕਿਰਦਾਰ।
ਮਾਤ-ਭਾਸ਼ਾ ਦਾ...
ਗੁਰਬਾਣੀ ਤੇ ਸੂਫ਼ੀ ਕਵਿਤਾ, ਵਾਰਾਂ- ਕਿੱਸੇ- ਦੋਹੇ
ਇਸ ਭਾਸ਼ਾ ਵਿੱਚ ਵਾਰਿਸ ਸ਼ਾਹ ਨੇ, ਇਸ਼ਕ ਦੇ ਨਗ਼ਮੇ ਛੋਹੇ
ਵਿਚ ਪੰਜਾਬੀ ਲਿਖਿਆ ਪੀਲੂ, ਮੁਕਬਲ, ਅਹਿਮਦ ਯਾਰ।
ਮਾਤ-ਭਾਸ਼ਾ ਦਾ...
ਹਾਸ਼ਮ ਸ਼ਾਹ ਤੇ ਸ਼ਿਵ ਕੁਮਾਰ ਨੇ, ਲਿਖੇ ਨੇ ਬਿਰਹਾ ਗੀਤ
ਏਸੇ ਭਾਸ਼ਾ ਵਿੱਚ ਲਿਖਦਾ ਹੈ, ਕਵਿਤਾ 'ਨਵ ਸੰਗੀਤ'
ਸਾਰੇ ਨੇ ਪੰਜਾਬੀ, ਹਿੰਦੂ-ਮੁਸਲਿਮ ਤੇ ਸਰਦਾਰ।
ਮਾਤ-ਭਾਸ਼ਾ ਦਾ...
ਕਦੇ ਏਸਨੂੰ ਸਮਝ ਗੰਵਾਰੂ, ਪੈਰਾਂ ਵਿੱਚ ਹੈ ਰੋਲੀ
ਬੋਲ ਕੇ ਵੇਖ ਪੰਜਾਬੀ ਭਾਸ਼ਾ, ਹੈ ਨਾ ਮਿਸ਼ਰੀ ਘੋਲੀ
ਮਾਂ-ਬੋਲੀ ਬੋਲਣ ਵਾਲੇ ਨੂੰ, ਨਾ ਪਾਈਏ ਫਿਟਕਾਰ।
ਮਾਤ-ਭਾਸ਼ਾ ਦਾ...
ਪਿਉ-ਦਾਦੇ ਦਾ ਖੋਲ੍ਹ ਵੇਖੀਏ, ਇਹ ਅਨਮੋਲ ਖ਼ਜ਼ਾਨਾ
ਆਪਸ ਵਿੱਚ ਪੰਜਾਬੀ ਬੋਲੋ, ਕੋਈ ਨਾ ਦਿਸੇ ਬੇਗਾਨਾ
ਮਾਂ-ਬੋਲੀ ਦਾ ਉੱਚਾ ਰੁਤਬਾ, ਵਿਰਸਾ, ਸਭਿਆਚਾਰ।
ਮਾਤ-ਭਾਸ਼ਾ ਦਾ...
ਜਨਮ-ਮਰਨ ਤੇ ਵਿਆਹ ਦੇ ਮੌਕੇ, ਜਾਂ ਫਿਰ ਖ਼ੁਸ਼ੀ-ਗ਼ਮੀ ਵਿੱਚ
ਇਹੋ ਭਾਸ਼ਾ ਤ੍ਰਿਪਤੀ ਦੇਵੇ, ਸਾਨੂੰ ਖੁਸ਼ਕ-ਨਮੀ ਵਿੱਚ
ਗਿਣੇ ਨਾ ਜਾਵਣ ਮਾਂ-ਬੋਲੀ ਦੇ, ਕਿੰਨੇ ਨੇ ਉਪਕਾਰ।
ਮਾਤ-ਭਾਸ਼ਾ ਦਾ...
ਵਿੱਚ ਸੰਸਾਰ ਦੇ ਇਸ ਭਾਸ਼ਾ ਨੂੰ, ਮਿਲਿਆ ਉੱਚਾ ਦਰਜਾ
ਮੰਨੀਏ ਖ਼ੁਦ ਨੂੰ ਜੇ ਪੰਜਾਬੀ, ਬਿਨ ਇਹਦੇ ਨਾ ਸਰਦਾ
ਰਫ਼ਤਾ-ਰਫ਼ਤਾ ਕਰਕੇ ਇਸ ਦੀ, ਤੇਜ਼ ਹੋਈ ਰਫ਼ਤਾਰ।
ਮਾਤ-ਭਾਸ਼ਾ ਦਾ...
ਕੁਝ ਪੜ੍ਹਦੇ ਅਖ਼ਬਾਰ ਰਸਾਲੇ, ਪੜ੍ਹਨ ਕਈ ਗੁਰਬਾਣੀ
ਮਾਂ-ਬੋਲੀ ਪੰਜਾਬੀ ਸਾਡੀ, ਗੱਲ ਇਹ ਸੱਚੀ ਜਾਣੀ
ਦੇਸ਼-ਵਿਦੇਸ਼ੀਂ ਬੋਲਣ, ਮੰਦਿਰ-ਮਸਜਿਦ-ਗੁਰ ਦਰਬਾਰ।
ਮਾਤ-ਭਾਸ਼ਾ ਦਾ...
ਸਮਝੋ-ਸਿੱਖੋ ਹੋਰ ਬੋਲੀਆਂ, ਛੱਡੋ ਨਾ ਪੰਜਾਬੀ
'ਰੂਹੀ' ਉੱਚੀ ਆਖ ਸੁਣਾਵੇ: ਇਹਦੀ ਸ਼ਾਨ ਨਵਾਬੀ
ਮਾਂ-ਬੋਲੀ ਸੁਣ ਕੇ ਹੈ ਛਿੜਦੀ, ਕਣ ਕਣ ਵਿੱਚ ਝੁਣਕਾਰ।
ਮਾਤ-ਭਾਸ਼ਾ ਦਾ...


ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

## ਗ਼ਜ਼ਲ

ਦਿਲ ਨੂੰ ਚਾਹਤ ਹੈ ਜਿਦ੍ਹੇ ਦੀਦਾਰ ਦੀ,
ਉਸ ਦੇ ਵਿੱਚੋਂ ਆਵੇ ਬੋਅ ਹੰਕਾਰ ਦੀ।
ਸਾਲ ਪਿੱਛੋਂ ਵੀ ਮਿਲੀ ਉੱਘ ਸੁੱਘ ਨਹੀਂ,
ਘਰ ਤੋਂ ਕੰਮ ਭਾਲਣ ਗਈ ਮੁਟਿਆਰ ਦੀ।
ਬੰਦੇ ਨੂੰ ਨਾ ਜਿਉਣ ਦੇਵੇ ਚੈਨ ਨਾਲ,
ਗੱਲ ਕੀ ਕਰਦੇ ਹੋ ਇਸ ਸੰਸਾਰ ਦੀ।
ਚਾਹੇ ਨਿਰਧਨ ਹੋਵੇ ਜਾਂ ਹੋਵੇ ਧਨੀ,
ਲੋੜ ਸਭ ਨੂੰ ਹੁੰਦੀ ਹੈ ਸਤਿਕਾਰ ਦੀ।
ਜਿੱਤ ਉਸ ਨੂੰ ਯਾਰੋ ਕੀ ਮਿਲਣੀ ਭਲਾ,
ਗੱਲ ਪਹਿਲਾਂ ਹੀ ਕਰੇ ਜੋ ਹਾਰ ਦੀ।
ਕੰਮ ਹੋ ਜਾਂਦੇ ਕਈ ਥਾਂ ਪਿਆਰ ਨਾਲ,
ਲੋੜ ਹਰ ਥਾਂ ਪੈਂਦੀ ਨਾ ਤਲਵਾਰ ਦੀ।
ਪੱਗ ਸਿਰ ਤੇ ਬੰਨ੍ਹੇ ਜਦ ਉਹ ਠੋਕ ਕੇ,
ਟੌਹਰ ਵੇਖੀ ਜਾਵੇ ਨਾ ਸਰਦਾਰ ਦੀ।

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

# ਜਸਵਿੰਦਰ ਪੰਜਾਬੀ ਦਾ ਨਾਵਲ 'ਮੁਰਗਾਬੀਆਂ' ਸਮਾਜਿਕ ਤੇ ਸਾਹਿਤਕ ਗੰਧਲਾਪਣ ਦਾ ਪ੍ਰਗਟਾਵਾ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਜਸਵਿੰਦਰ ਪੰਜਾਬੀ ਨਿਵੇਕਲੀ ਕਿਸਮ ਦੇ ਵਿਸ਼ਿਆਂ 'ਤੇ ਲਿਖਣ ਵਾਲਾ ਸਾਹਿਤਕਾਰ ਹੈ। ਉਸ ਦੀਆਂ 8 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਤਿੰਨ ਵਾਰਤਕ, ਦੋ ਕਾਵਿ ਸੰਗ੍ਰਹਿ, ਇੱਕ ਕਹਾਣੀ ਸੰਗ੍ਰਹਿ ਸਾਰੀਆਂ ਸੰਪਾਦਿਤ ਕੀਤੀਆਂ ਪੁਸਤਕਾਂ ਅਤੇ ਇੱਕ ਮੌਲਿਕ 'ਕਾਵਿ ਸਾਂਝਾਂ' ਕਾਵਿ ਸੰਗ੍ਰਹਿ ਪ੍ਰਕਾਸ਼ਤ ਸ਼ਾਮਲ ਹਨ। ਇੱਕ ਸੱਚੀਆਂ ਘਟਨਾਵਾਂ 'ਤੇ ਅਧਾਰਤ ਵਾਰਤਕ ਦੀ ਪੁਸਤਕ ਪ੍ਰਕਾਸ਼ਤ ਹੋਈ ਹੈ। ਭਾਵੇਂ ਜਸਵਿੰਦਰ ਪੰਜਾਬੀ ਦਾ 'ਮੁਰਗਾਬੀਆਂ' ਪਲੇਠਾ ਨਾਵਲ ਹੈ, ਪ੍ਰੰਤੂ ਇਹ ਪੰਜਾਬੀ ਦੇ ਸਾਹਿਤਕ ਭਾਈਚਾਰੇ ਵਿੱਚ ਤਹਿਲਕਾ ਮਚਾਉਣ ਦੇ ਸਮਰੱਥ ਹੈ। ਇਹ ਨਾਵਲ ਪੜ੍ਹਕੇ ਲੜਕੀਆਂ/ਇਸਤਰੀਆਂ ਦਾ ਸ਼ੋਸ਼ਣ ਕਰਨ ਵਾਲੇ ਭਵਿਖ ਵਿੱਚ ਅਜਿਹੀਆਂ ਕਰਤੂਤਾਂ ਕਰਨ ਤੋਂ ਪਹਿਲਾਂ ਸੌ ਵਾਰ ਜ਼ਰੂਰ ਸੋਚਣਗੇ। ਲੜਕੀਆਂ/ਇਸਤਰੀਆਂ ਵੀ ਅਜਿਹੀ ਦਲਦਲ ਵਿੱਚ ਜਾਣ ਤੋਂ ਝਿਜਕਣਗੀਆਂ। ਇਸ ਦਾ ਭਾਵ ਤਾਂ ਇਹ ਹੋਇਆ ਕਿ ਇਹ ਨਾਵਲ ਸਮਾਜ ਦੀ ਸੋਚ ਵਿੱਚ ਮਹੱਤਵਪੂਰਨ ਤਬਦੀਲੀ ਲਿਆ ਸਕਦਾ ਹੈ। ਜਸਵਿੰਦਰ ਪੰਜਾਬੀ ਨੇ ਇਹ ਨਾਵਲ ਬਹੁਤ ਹੀ ਗੰਭੀਰ, ਸੰਜੀਦਾ ਅਤੇ ਨਿਵੇਕਲੇ ਵਿਸ਼ਿਆਂ ਨੂੰ ਮੁੱਖ ਰੱਖਕੇ ਲਿਖਿਆ ਹੈ। ਇਨ੍ਹਾਂ ਵਿਸ਼ਿਆਂ 'ਤੇ ਉਸਨੇ ਇਤਨੀ ਬੇਬਾਕੀ ਨਾਲ ਲਿਖਿਆ ਹੈ ਕਿ ਹੋ ਸਕਦਾ ਬਹੁਤ ਸਾਰੇ ਲੇਖਕਾਂ/ਲੋਕਾਂ ਨੂੰ ਇਸ ਵਿਚਲੀਆਂ ਗੱਲਾਂ ਚੁਭਵੀਆਂ ਵੀ ਲੱਗਣ ਕਿਉਂਕਿ ਸੱਚ ਨੂੰ ਬਰਦਾਸ਼ਤ ਕਰਨਾ ਔਖਾ ਲੱਗਦਾ ਹੁੰਦਾ ਹੈ, ਪ੍ਰੰਤੂ ਮੇਰੇ ਖਿਆਲ ਮੁਤਾਬਕ ਇੱਕ ਕਿਸਮ ਨਾਲ ਸਮਾਜਿਕ ਤੇ ਸਾਹਿਤਕ ਗੰਧਲੇਪਣ ਨੂੰ ਦੂਰ ਕਰਨ ਲਈ ਇਹ ਨਾਵਲ ਇੱਕ ਚੇਤਾਵਨੀ ਦੇ ਤੌਰ 'ਤੇ ਲਿਆ ਜਾਣਾ ਚਾਹੀਦਾ ਹੈ। ਹੋ ਸਕਦਾ ਸੰਬੰਧਤ ਲੋਕ ਆਪਣੇ ਆਪ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਲੈਣ। ਆਮ ਤੌਰ 'ਤੇ ਜੇਕਰ ਕਿਸੇ ਗੱਲ ਵਿੱਚ ਥੋੜ੍ਹੀ ਬਹੁਤੀ ਸਚਾਈ ਹੋਵੇ ਜਾਂ ਸਚਾਈ ਦੇ ਨੇੜੇ-ਤੇੜੇ ਹੋਵੇ ਤਾਂ ਉਸਦਾ ਸੇਕ ਕੁਝ ਪ੍ਰਭਾਵਤ ਲੋਕਾਂ ਨੂੰ ਜ਼ਰੂਰ ਲੱਗਦਾ ਹੈ, ਪ੍ਰੰਤੂ ਇਸ ਸੇਕ ਨੂੰ ਉਸਾਰੂ ਤੌਰ 'ਤੇ ਲੈਣਾ ਚਾਹੀਦਾ ਹੈ। ਵਰਤਮਾਨ ਸਮੇਂ ਅਜਿਹੇ ਨਾਵਲ ਦੀ ਲੋੜ ਸੀ ਕਿਉਂਕਿ ਸਮਾਜ ਦੀ ਮਾਨਸਿਕ ਅਵਸਥਾ ਬਹੁਤ ਹੀ ਨੀਵੇਂ ਪੱਧਰ 'ਤੇ ਪਹੁੰਚ ਚੁੱਕੀ ਹੈ। ਨਾਵਲ ਦਾ ਨਾਮ 'ਮੁਰਗਾਬੀਆਂ' ਇਸਤਰੀਆਂ ਲਈ ਵਰਤਿਆ ਗਿਆ, ਜਿਨ੍ਹਾਂ ਦਾ ਸ਼ੋਸ਼ਣ ਹੋ ਰਿਹਾ ਹੈ। ਸਾਰਾ ਨਾਵਲ ਸ਼ੋਸ਼ਣ ਖਾਸ ਤੌਰ 'ਤੇ ਸਾਹਿਤਕ, ਸਮਾਜਿਕ ਅਤੇ ਲੜਕੀਆਂ/ਇਸਤਰੀਆਂ ਦੇ ਸ਼ੋਸ਼ਣ ਦੇ ਆਲੇ ਦੁਆਲੇ ਘੁੰਮਦਾ ਹੈ। ਇਹ ਸ਼ੋਸ਼ਣ ਦਿਹਾਤੀ ਅਤੇ ਸ਼ਹਿਰੀ ਦੋਹਾਂ ਖੇਤਰਾਂ ਵਿੱਚ ਹੋ ਰਿਹਾ ਹੈ, ਭਾਵੇਂ ਉਨ੍ਹਾਂ ਦੇ ਢੰਗ ਵੱਖਰੇ ਹਨ। ਜਸਵਿੰਦਰ ਪੰਜਾਬੀ ਖੁਦ ਇੱਕ ਸਾਹਿਤਕਾਰ ਤੇ ਪ੍ਰਕਾਸ਼ਕ ਹੈ, ਹੋ ਸਕਦਾ ਉਸਨੂੰ ਸਾਹਿਤਕਾਰਾਂ ਅਤੇ ਪ੍ਰਕਾਸ਼ਕਾਂ ਵੱਲੋਂ ਪੁਸਤਕਾਂ ਪ੍ਰਕਾਸ਼ਤ ਕਰਵਾਉਣ ਲਈ ਵਰਤੇ ਜਾਂਦੇ ਹੱਥ ਕੰਡਿਆਂ ਬਾਰੇ ਵਧੇਰੇ ਸਾਰਥਿਕ ਜਾਣਕਾਰੀ ਹੋਵੇ, ਇਸ ਕਰਕੇ ਹੀ ਉਸ ਨੇ ਬੜੀ ਬਾਰੀਕੀ ਨਾਲ ਸਾਹਿਤਕ ਖੇਤਰ ਵਿੱਚ ਉਭਰਦੀਆਂ ਨੌਜਵਾਨ ਲੜਕੀਆਂ ਨੂੰ ਅਖ਼ਬਾਰਾਂ/ਰਸਾਲਿਆਂ/ਪੁਸਤਕਾਂ ਵਿੱਚ ਛਪਣ/ਪ੍ਰਕਾਸ਼ਤ ਕਰਵਾਉਣ ਅਤੇ ਇਨਾਮ ਦਿਵਾਉਣ ਦੇ ਲਈ ਪੁਸਤਕਾਂ 'ਤੇ ਚਰਚਾਵਾਂ ਕਰਵਾਕੇ, ਖ਼ਬਰਾਂ ਲਗਵਾ ਕੇ ਲੋਕ ਆਪਣੇ ਜਾਲ ਵਿੱਚ ਫਸਾ ਲੈਂਦੇ ਹੋਣ। ਲੜਕੀਆਂ/ਇਸਤਰੀਆਂ ਦੀਆਂ ਮਜ਼ਬੂਰੀਆਂ ਅਤੇ ਜਲਦੀ ਸਥਾਪਤ ਹੋਣ ਦੀ ਲਾਲਸਾ ਉਨ੍ਹਾਂ ਦੇ ਭੰਬਲਭੂਸੇ ਵਿੱਚ ਪੈਣ ਦਾ ਕਾਰਨ ਬਣਦੀਆਂ ਹਨ। ਅਜਿਹੇ ਮੌਕੇ 'ਤੇ ਉਹ ਇੱਕ ਦੂਜੀ ਨੂੰ ਅਖੌਤੀ ਸਾਹਿਤਕਾਰਾਂ ਵੱਲੋਂ ਆਪਣੀ ਦੋਸਤ ਬਣਾਉਣ 'ਤੇ ਉਨ੍ਹਾਂ ਨਾਲ ਖ਼ਾਰ ਵੀ ਖਾਂਦੀਆਂ ਹਨ। ਸਮਾਜ ਦੇ ਹਰ ਵਰਗ ਵਿੱਚ ਚੰਗੇ ਤੇ ਮਾੜੇ ਦੋਵੇਂ ਤਰ੍ਹਾਂ ਦੇ ਬੰਦੇ ਹੁੰਦੇ ਹਨ। ਜਿਵੇਂ ਗੁਰਿੰਦਰ ਪਾਲ ਜ਼ਖ਼ਮੀ, ਦਵਿੰਦਰ ਪ੍ਰਵਾਨਾ, ਪ੍ਰੀਤਮ ਦਰਦੀ, ਪ੍ਰੋ.ਤਰਵਿੰਦਰ ਅਲੌਕਿਕ, ਪਰਿੰਦਾ, ਰੂਪ, ਪ੍ਰੋਫ਼ੈਸਰ ਗੁਰਮੇਲ, ਬਹਾਦਰ ਸਿੰਘ ਸਿੱਧੂ, ਰਾਮਿੰਦਰ ਰਮਨ, ਕਿਰਨ ਜੋਤੀ, ਪ੍ਰੀਤਜੀਤ ਵਰਗੇ ਬੁਰੇ ਕਿਰਦਾਰ ਵਾਲੇ ਤੇ ਰਿਖੀਦੇਵ ਤੇ ਪ੍ਰੀਤਜੀਤ ਭਰਾ ਭੈਣ ਦੇ ਰਿਸ਼ਤੇ ਅਧੀਨ ਅਜਿਹੇ ਪਵਿਤਰ ਰਿਸ਼ਤੇ ਨੂੰ ਦਾਗ਼ਦਾਰ ਕਰਨ ਵਾਲੇ। ਇਸ ਦੇ ਮੁਕਾਬਲੇ ਜੀਵਨ ਵਾਰਸੀ, ਮਨਦੀਪ, ਗੁਰਕੀਰਤ ਤੇ ਗੁਰਨੈਬ ਵਰਗੇ ਚੰਗੇ ਕਿਰਦਾਰ ਵਾਲੇ ਲੋਕ ਵੀ ਹੁੰਦੇ ਹਨ। ਇਹ ਪਹਿਲਾਂ ਸੁਣੀਂਦਾ ਸੀ ਕਿ ਸਾਹਿਤਕਾਰ ਦੋਹਰੇ ਕਿਰਦਾਰ ਵਾਲੇ ਠਰਕੀ ਹੁੰਦੇ ਹਨ। ਉਹ ਵਿਖਾਵਾ ਕੁਝ ਹੋਰ ਕਰਦੇ ਹਨ ਪ੍ਰੰਤੂ ਅਮਲੀ ਤੌਰ 'ਤੇ ਬਿਲਕੁਲ ਉਲਟ ਹੁੰਦੇ ਹਨ। ਇਹ ਨਾਵਲ ਪੜ੍ਹਕੇ ਕਾਫੀ ਨਵੀਂ ਜਾਣਕਾਰੀ ਮਿਲੀ ਹੈ। ਗ਼ਲਤ ਸੋਚ ਵਾਲੇ ਮਾੜੇ ਬੰਦੇ ਕੰਮ ਵੀ ਮਾੜੇ ਕਰਦੇ ਹਨ ਪ੍ਰੰਤੂ ਸਿਆਸੀ ਪਹੁੰਚ ਕਰਕੇ ਉਹ ਫਸਦੇ ਵੀ ਨਹੀ, ਸਗੋਂ ਆਪਣਾ ਬਚਾਆ ਵੀ ਕਰ ਲੈਂਦੇ ਹਨ। ਨਾਵਲ ਪੜ੍ਹਕੇ ਸੱਚ ਲੱਗਣ ਲੱਗਿਆ ਕਿ ਇਹ ਸਮਾਜ ਲਈ ਕਲੰਕ ਹੁੰਦੇ ਹਨ। ਜਸਵਿੰਦਰ ਪੰਜਾਬੀ ਨੇ ਦੋਹਾਂ ਦਾ ਪਰਦਾ ਫਾਸ਼ ਕੀਤਾ ਹੈ। ਕੁਝ ਕੁ ਸਾਹਿਤਕਾਰਾਂ ਦੀ ਧੜੇਬੰਦੀ, ਸ਼ਰਾਬ ਦੀ ਆਦਤ ਅਤੇ ਲੜਕੀਆਂ/ਇਸਤਰੀਆਂ ਦੇ ਸ਼ੋਸ਼ਣ ਕਰਨ ਨੂੰ ਵੀ ਉਛਾਲਿਆ ਗਿਆ ਹੈ, ਜੋ ਸਮੁਚੇ ਵਰਗ ਦੀ ਬਦਨਾਮੀ ਦਾ ਕਾਰਨ ਬਣਦੇ ਹਨ। ਸਾਰੇ ਭਾਵੇਂ ਮਾੜੇ ਨਹੀਂ ਹੁੰਦੇ ਪ੍ਰੰਤੂ ਜਿਵੇਂ ਇੱਕ ਮੱਛੀ ਸਾਰੇ ਤਲਾਅ ਨੂੰ ਗੰਦਾ ਕਰਨ ਦੀ ਸਮਰੱਥਾ ਰੱਖਦੀ ਹੁੰਦੀ ਹੈ, ਏਸੇ ਤਰ੍ਹਾਂ ਇਹ ਲੋਕ ਸਮੁੱਚੇ ਭਾਈਚਾਰੇ ਨੂੰ ਬਦਨਾਮ ਕਰਦੇ ਹਨ। ਨਾਵਲ ਵਿੱਚ ਦਰਸਾਇਆ ਗਿਆ ਹੈ ਕਿ ਪ੍ਰਵਾਸੀ ਸਾਹਿਤਕ ਲੋਕਾਂ ਦਾ ਇਹ ਲੋਕ ਨਜ਼ਾਇਜ਼ ਲਾਭ ਵੀ ਉਠਾਕੇ ਆਪਣੀ ਹਵਸ ਦੀ ਪੂਰਤੀ ਕਰਦੇ ਹਨ। ਸਾਹਿਤਕ ਲੜਕੀਆਂ/ਇਸਤਰੀਆਂ ਦੀਆਂ ਰੁਚੀਆਂ ਦੀ ਸਮਾਨਤਾ ਵੀ ਦਰਸਾਈ ਗਈ ਹੈ। ਜਸਵਿੰਦਰ ਪੰਜਾਬੀ ਨੇ ਸਾਹਿਤਕ ਤੇ ਸਮਾਜਿਕ ਗੰਧਲੇਪਣ ਦਾ ਕੱਚਾ ਚਿੱਠਾ ਸਾਹਮਣੇ ਲਿਆ ਦਿੱਤਾ ਹੈ। ਫੇਸ ਬੁੱਕੀ ਸਾਹਿਤਕਾਰਾਂ ਦੀ ਅਨੋਖੀ ਦੁਨੀਆਂ ਹੁੰਦੀ ਹੈ, ਜਿਹੜੀ ਅਸਲੀਅਤ ਤੋਂ ਬਹੁਤ ਦੂਰ ਹੁੰਦੀ ਹੈ, ਉਸਦਾ ਪ੍ਰਗਟਾਵਾ ਵੀ ਕੀਤਾ ਗਿਆ ਹੈ। ਡੇਰਿਆਂ ਵਾਲੇ ਪਰਿਵਾਰ ਵੀ ਆਪਸੀ ਸਾਂਝ, ਇੱਕੋ ਡੇਰੇ ਦੇ ਸਮਰਥਕ ਹੋਣ ਕਰਕੇ ਵਧਾ ਲੈਂਦੇ ਹਨ ਤੇ ਫਿਰ ਲੜਕੀਆਂ/ਇਸਤਰੀਆਂ ਦਾ ਸ਼ੋਸ਼ਣ ਕਰਦੇ ਹਨ। ਨਾਵਲਕਾਰ ਨੇ ਉਨ੍ਹਾਂ ਦੇ ਪਰਦੇ ਫਾਸ਼ ਕਰਨ ਦੀ ਵੀ ਹਿੰਮਤ ਕੀਤੀ ਹੈ। ਨਾਵਲਕਾਰ ਨੇ ਲੜਕੀਆਂ/ਇਸਤਰੀਆਂ ਦੇ ਦੋਵੇਂ ਰੂਪ ਦਰਸਾਏ ਹਨ, ਗ਼ਲਤ ਰਸਤੇ ਪਈਆਂ ਇਸਤਰੀਆਂ ਦੀ ਬਗ਼ਾਬਤ ਵੀ ਖ਼ੂੰਖ਼ਾਰ ਵਿਖਾਈ ਹੈ। ਫਿਰ ਉਹ ਹਰ ਹੱਦ ਬੰਨਾ ਪਾਰ ਕਰਨ ਲਈ ਝਿਜਕਦੀਆਂ ਨਹੀਂ, ਜਿਵੇਂ ਰਮਿੰਦਰ ਰਮਨ ਅਤੇ ਕਿਰਨ ਜੋਤੀ ਕਰਦੀਆਂ ਹਨ। ਪੜ੍ਹੇ ਲਿਖੇ ਲੋਕਾਂ ਦਾ ਜਾਤ ਪਾਤ ਦੇ ਜੰਜ਼ਾਲ ਵਿੱਚ ਫਸੇ ਹੋਣ ਬਾਰੇ ਵੀ ਲਿਖਿਆ ਹੈ। ਸਮਾਜ ਸੁਧਾਰਨ ਦਾ ਹੋਕਾ ਦੇਣ ਵਾਲੇ ਮਖੌਟੇ ਪਾਈ ਫਿਰਦੇ ਹਨ। ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਵਿੱਚ ਕਵਿਤਰੀਆਂ ਦੀਆਂ ਪੁਸਤਕਾਂ ਦੀ ਘੁੰਡ ਚੁਕਾਈ ਅਤੇ ਉਥੇ ਕਵਿਤਰੀਆਂ ਅਤੇ ਸਾਹਿਤਕਾਰਾਂ ਦੀ ਇੱਕ ਦੂਜੇ ਬਾਰੇ ਚੁੰਝ ਚਰਚਾ ਤੇ ਚੋਚਲੇ ਵੀ ਅਸਲੀਅਤ ਦੇ ਕਾਫੀ ਨੇੜੇ-ਤੇੜੇ ਹਨ। ਕਿਸ ਤਰ੍ਹਾਂ ਕਵਿਤਰੀਆਂ ਨੂੰ ਸਥਾਪਤ ਕਰਨ ਲਈ ਪੇਪਰ ਪੜ੍ਹੇ ਜਾਂਦੇ ਹਨ ਅਤੇ ਕਿਵੇਂ ਉਨ੍ਹਾਂ ਨੂੰ ਫੁਸਲਾਉਣ ਦੇ ਢੰਗ ਵਰਤੇ ਜਾਂਦੇ ਹਨ। ਨਾਵਲ ਵਿੱਚ ਸ਼ਬਦਾਵਲੀ ਠੇਠ ਦਿਹਾਤੀ ਹੈ, ਜਿਹੜੇ ਸ਼ਬਦ ਆਮ ਤੌਰ 'ਤੇ ਵਰਤੇ ਨਹੀਂ ਜਾਂਦੇ ਤੇ ਵਰਜਿਤ ਵੀ ਹੁੰਦੇ ਹਨ ਪ੍ਰੰਤੂ ਵਰਤੇ ਜਾਂਦੇ ਹਨ। ਉਹ ਸ਼ਬਦਾਵਲੀ ਥੋੜ੍ਹੀ ਅਸੱਭਿਆ ਵੀ ਲੱਗਦੀ ਹੈ। ਇਹ ਨਾਵਲ ਦਿਹਾਤੀ ਤੇ ਸ਼ਹਿਰੀ ਸਭਿਆਚਾਰ ਦਾ ਸੁਮੇਲ ਹੈ। ਕਾਲਜਾਂ ਵਿੱਚ ਮੁੰਡੇ ਕੁੜੀਆਂ ਦੀਆਂ ਟੋਲੀਆਂ ਕਿਵੇਂ ਹਾਸੇ ਠੱਠੇ ਕਰਦਿਆਂ ਬੇਬਾਕੀ ਨਾਲ ਕਮੈਂਟ ਕਰਦੀਆਂ ਤੇ ਫਿਰ ਫਸ ਫਸਾ ਜਾਂਦੀਆਂ ਹਨ। ਪਿਆਰ ਮੁਹੱਬਤ ਵਿੱਚ ਰੰਗ ਰੂਪ ਤੇ ਅਮੀਰ ਗ਼ਰੀਬ ਨਹੀਂ ਵੇਖਿਆ ਜਾਂਦਾ, ਜਿਵੇਂ ਗੁਰਕੀਰਤ ਸੋਹਣੀ ਸੁਨੱਖੀ ਅਮੀਰਜ਼ਾਦੀ ਨੇ ਜੀਵਨ ਵਾਰਸੀ ਨਾਲ ਉਸਦਾ ਕਾਲਾ ਰੰਗ ਤੇ ਗ਼ਰੀਬੀ ਦੇ ਬਾਵਜੂਦ ਪਿਆਰ ਦੀ ਪੀਂਘ ਪਾ ਲਈ। ਇਥੇ ਇਹ ਵੀ ਦਰਸਾਇਆ ਗਿਆ ਹੈ ਕਿ ਪਿੰਡਾਂ ਦੇ ਲੋਕ ਸ਼ਰੀਕੇ ਦੇ ਮੁਕਾਬਲੇ ਆਰਥਿਕ ਸਮਰੱਥ ਨਾ ਹੋਣ ਦੇ ਬਾਵਜੂਦ ਬਰਾਬਰੀ ਕਰਦੇ ਹਨ, ਜਿਵੇਂ ਜੀਵਨ ਵਾਰਸੀ ਦੇ ਦਾਦੇ ਨੇ ਜ਼ਮੀਨ ਵੇਚਕੇ ਵਿਆਹ ਵਿੱਚ ਦਾਜ ਦਿੱਤਾ। ਨਾਵਲਕਾਰ ਨੇ ਪੰਜਾਬੀ ਇੰਟਰਨੈਸ਼ਨਲ ਕਾਨਫ਼ਰੰਸਾਂ ਵਿੱਚ ਸਿਫਾਰਸ਼ੀ ਗ਼ੈਰ ਸਾਹਿਤਕਾਰਾਂ ਦੇ ਜਾਣ ਅਤੇ ਵਿਦੇਸ਼ਾਂ ਵਿੱਚ ਅਨੈਤਿਕ ਕੰਮ ਕਰਨ ਬਾਰੇ ਵੀ ਲਿਖਿਆ ਹੈ। ਪੰਜਾਬੀ ਕਾਨਫ਼ਰੰਸਾਂ ਦੀ ਆੜ ਵਿੱਚ ਸਿਰਫ ਸੈਰ ਸਪਾਟਾ ਹੀ ਹੁੰਦਾ ਹੈ। ਇਸ ਨਾਵਲ ਨੂੰ ਸਮਾਜਿਕ ਸਰੋਕਾਰਾਂ ਨਾਲ ਵੀ ਜੋੜਿਆ ਜਾ ਸਕਦਾ ਹੈ ਕਿਉਂਕਿ ਨਾਵਲਕਾਰ ਨੇ ਨਾਵਲ ਵਿੱਚ ਨਸ਼ਿਆਂ ਦੇ ਪ੍ਰਕੋਪ, ਪ੍ਰਵਾਸ ਵਿੱਚ ਜਾਣ ਦੀ ਦੌੜ, ਏਡਜ਼, ਬੇਰੋਜ਼ਗਾਰੀ, ਪੜ੍ਹੇ ਲਿਖੇ ਲੋਕਾਂ ਦੀ ਪਿਛਾਂਹ ਖਿਚੂ ਸੋਚ, ਭਰਿਸ਼ਟਾਚਾਰ ਅਤੇ ਲੜਕੀਆਂ ਨੂੰ ਪਿਆਰ ਵਿਆਹ ਕਰਾਉਣ ਤੋਂ ਰੋਕਣ ਦੀ ਪ੍ਰਵਿਰਤੀ ਆਦਿ ਵਿਸ਼ਿਆਂ ਨੂੰ ਬਾਖ਼ੂਬੀ ਨਾਲ ਛੋਹਿਆ ਗਿਆ ਹੈ। ਨਾਵਲਕਾਰ ਨੇ ਪੀ.ਐਚ.ਡੀ.ਕਰਨ ਵਾਲੀਆਂ ਲੜਕੀਆਂ ਨਾਲ ਗਾਈਡਾਂ ਵੱਲੋਂ ਕੀਤੇ ਜਾਂਦੇ ਵਿਵਹਾਰ ਬਾਰੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਸਾਹਿਤਕਾਰ ਆਪਣੀ ਹਵਸ ਪੂਰੀ ਕਰਨ ਲਈ ਐਚ.ਆਈ.ਵੀ. ਵਰਗੀ ਭਿਆਨਕ ਬਿਮਾਰੀ ਬਾਰੇ ਸੋਚਦੇ ਨਹੀਂ ਪ੍ਰੰਤੂ ਜਦੋਂ ਰਾਮਿੰਦਰ ਰਮਨ ਦੇ ਪਤੀ ਵਿਕਰਮ ਦੀ ਐਚ.ਆਈ.ਵੀ. ਦੀ ਬਿਮਾਰੀ ਨਾਲ ਮੌਤ ਹੋ ਜਾਂਦੀ ਹੈ ਤੇ ਰਾਮਿੰਦਰ ਰਮਨ ਦੇ ਵੀ ਐਚ.ਆਇ.ਵੀ. ਦੀ ਬਿਮਾਰੀ ਬਾਰੇ ਪਤਾ ਚਲਦਾ ਹੈ ਤਾਂ ਫਿਰ ਮੌਤ ਸਾਹਮਣੇ ਵਿਖਾਈ ਦਿੰਦੀ ਹੈ ਤੇ ਉਦੋਂ ਸਮਾਜਿਕ ਬਦਨਾਮੀ ਯਾਦ ਆਉਂਦੀ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਭਵਿਖ ਵਿੱਚ ਜਸਵਿੰਦਰ ਪੰਜਾਬੀ ਹੋਰ ਵਧੀਆ ਪੁਸਤਕ ਵੀ ਦੇਵੇਗਾ।

**216 ਪੰਨਿਆਂ, 200 ਰੁਪਏ ਕੀਮਤ ਵਾਲੀ ਇਹ ਪੁਸਤਕ ਜੇ.ਪੀ.ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ।**

**ਸੰਪਰਕ ਜਸਵਿੰਦਰ ਪੰਜਾਬੀ:9781414118**

# ਬਾਲ ਮਨਾਂ ਨੂੰ ਹੁਲਾਰਦੀ ਰਣਜੀਤ ਸਿੰਘ ਹਠੂਰ ਦੀ ਪੁਸਤਕ “ਪੀਂਘ ਸਤਰੰਗੀ”




ਅਧਿਆਪਨ ਕਿੱਤੇ ਨਾਲ ਜੁੜਿਆ ਸਾਫ-ਸੁਥਰੇ ਤੇ ਸੱਭਿਅਕ ਗਾਣੇ,ਕਵਿਤਾਵਾਂ ਅਤੇ ਬਾਲ ਗੀਤ ਲਿਖਣ ਵਾਲਾ “ਰਣਜੀਤ ਸਿੰਘ ਹਠੂਰ” ਪੰਜਾਬੀ ਮਾਂ ਬੋਲੀ ਰਾਹੀਂ ਪੰਜਾਬੀ ਵਿਰਸੇ,ਸੱਭਿਆਚਾਰ ਅਤੇ ਸਾਹਿਤ ਦੀ ਸੇਵਾ ਵਿੱਚ ਮਸਰੂਫ ਹੈ।ਉਸਦੇ ਗੀਤਾਂ ਦੀ ਡਾਇਰੀ ਵਿੱਚ ਸਾਰੇ ਗੀਤ ਮਨ ਟੁੰਬਵੇਂ ,ਸਾਫ ਸੁਥਰੇ,ਸੱਭਿਅਕ, ਡੂੰਘੇ ,ਸਾਰਥਕ ਤੇ ਉਸਾਰੂ ਸਮਾਜੀ ਕਦਰਾਂ ਕੀਮਤਾਂ ਅਤੇ ਦੇਸ਼ ਭਗਤੀ ਦੇ ਜਜਬਾਤਾਂ ਨਾਲ ਓਤ-ਪੋਤ ਹਨ।

ਹਠੂਰ ਦੇ ਲਿਖੇ ਗੀਤ“ ਤੇਰਾ ਦੇਸ਼ ਭਗਤ ਸਿੰਘ ਵੇ ਲੁੱਟ ਲਿਆ ਗੱਦਾਰਾਂ ਨੇ” ਗਾਇਕ ਗੁਰਬਖਸ਼ ਸ਼ੌਂਕੀ ਨੇ ਗਾਇਆ ਜੋ ਕਾਫੀ ਮਕਬੂਲ ਹੋਇਆ ।ਇਸ ਗੀਤ ਉੱਪਰ ਸੈਕੜੇ ਕੋਰੀਓਗ੍ਰਾਫੀਆਂ ਹੋਈਆ।ਕਿਸਾਨ ਅੰਦੋਲਨ ਦੌਰਾਨ ਇਸਦਾ ਸਫਲ ਮੰਚਨ ਖੂਬ ਸਲਾਹਿਆ ਗਿਆ।

“ਪੰਜਵੇਂ ਗੁਰੂ ਦੀ ਲਲਕਾਰ” ਨੂੰ ਐੱਸ.ਸੁਖਪਾਲ, “ਪਤੰਗ ਗੁੱਡੂ ਦੀ” ੂੰ ਜਗਜੀਤ ਰਾਣਾ ਅਤੇ ਸੱਚ ਦੇ ਵਪਾਰੀ ਨੂੰ ਹਠੂਰ ਦੇ ਵਿਦਿਆਰਥੀ ਮੀਤ ਅੰਮ੍ਰਿਤ ਨੇ ਅਵਾਜ ਦਿੱਤੀ ਤਾਂ “ਸੱਚ ਨੂੰ ਫਾਂਸੀ” ਖੁਦ ਰਣਜੀਤ ਸਿੰਘ ਹਠੂਰ ਨੇ ਰਿਕਾਰਡ ਕਰਵਾਇਆ। ਬਾਲ ਮਨੋਵਿਗਿਆਨ ਦੀ ਨਬਜ ਪਛਾਨਣ ਵਾਲੇ ਇਸ ਗੀਤਕਾਰ ਨੇ “ਤਾਰੇ ਲੱਭਣ ਚੱਲੀਏ” ਨਾਮ ਹੇਠ ਬਾਲ ਗੀਤਾਂ ਦੀ ਪੁਸਤਕ ਹੀ ਰਿਲੀਜ ਨਹੀਂ ਕੀਤੀ ਬਲਕਿ ਉਹ ਸੀ.ਬੀ.ਐੱਸ.ਈ ਬੋਰਡ ਦੀ ਜਮਾਤ ਪਹਿਲੀ ਤੋਂ ਅੱਠਵੀਂ ਦੀ ਪੰਜਾਬੀ ਬਾਲ ਗੀਤਾਂ ਦੀ ਪੁਸਤਕ “ਗੁੜਤੀ”ਦੇ ਮੁੱਖ ਸੰਪਾਦਕ ਡਾ.ਬੱਲ ਸੰਧੂ ਨਾਲ ਸਹਿ-ਸੰਪਾਦਕ ਅਤੇ ਲੇਖਕ ਵਜੋਂ ਵੀ ਵਿਚਰਿਆ।

ਵਰਲਡ ਪੰਜਾਬੀ ਟਾਈਮਜ਼
ਮਾ: ਹਰਭਿੰਦਰ ਸਿੰਘ “ਮੁੱਲਾਂਪੁਰ”

ਪਿਛਲੇ ਦਿਨੀਂ ਰਣਜੀਤ ਹਠੂਰ ਨੇ ਬਾਲ ਸਾਹਿਤ ਨਾਲ ਜੁੜੇ ਪਾਠਕਾਂ ਅਤੇ ਬੱਚਿਆਂ ਦੀਆਂ ਤੋਤਲੀਆਂ ਸੁਰਾਂ ਦੇ ਮੇਚੇ ਆਉਣ ਵਾਲੀਆਂ ਕਵਿਤਾਵਾਂ ਦੀ ਪੁਸਤਕ “ਪੀਂਘ ਸਤਰੰਗੀ” ਲਿਖੀ ਜਿਸਨੂੰ ਸਿੱਖਿਆਂ ਵਿਭਾਗ ਦੇ ਡੀ.ਪੀ.ਆਈ ਸ੍ਰੀ ਪਰਮਜੀਤ ਸਿੰਘ ਨੇ ਵਿਸ਼ੇਸ ਤੌਰ ‘ਤੇ ਰਿਲੀਜ ਕੀਤਾ। ਏਸ਼ੀਆ ਵਿਜਨਜ ਲੁਧਿਆਣਾ ਵੱਲੋਂ ਪੁਸਤਕ ਤਿਆਰ ਹੋਈ ਅਤੇ



ਨਾਮਵਰ ਆਰਟਿਸਟ ਪ੍ਰਿਤਪਾਲ ਸਿੰਘ ਨੇ ਕਵਿਤਾਵਾਂ ਨੂੰ ਆਪਣੇ ਕਲਪਨਾਮਈ ਸੁਹਜ ਸੰਗ ਤਸਵੀਰਾਂ ਵਿੱਚ ਰੂਪਮਾਨ ਕੀਤਾ ਹੈ।ਹਠੂਰ ਦੀ ਨੰਨੀ ਬੇਟੀ ਸੁਰਮੀਤ ਕੋਰ ਨੇ ਵੀ ਕਵਿਤਾਵਾਂ ਦੀ ਚਿੱਤਰਮਾਲਾ ਵਿੱਚ ਰੰਗਾਂ ਤੇ ਤਸਵੀਰਾਂ ਦੀ ਵਿਉਤਬੰਦੀ ਵਿੱਚ ਆਪਣਾ ਯੋਗਦਾਨ ਪਾਇਆ ਹੈ।

ਹਠੂਰ ਦੀਆਂ ਲਿਖੀਆਂ ਸਾਰੀਆਂ ਕਵਿਤਾਵਾਂ ਬਾਲ ਮਨਾਂ ਨੂੰ ਧੁਰ ਅੰਦਰ ਤੱਕ ਛੂੰਹਦੀਆਂ ਹਨ ਮੀਹਾਂ ਮਗਰੋਂ ਅਸਮਾਨਾਂ ਵਿੱਚ ਬਣੀਆਂ ਸਤਰੰਗੀ ਪੀਘਾਂ ਦੇ ਨਜਾਰੇ ਬਾਲ ਮਨਾਂ ਨੂੰ ਹੀ ਨਹੀਂ ਬਲਕਿ ਹਰ ਉਮਰ ਵਰਗ ਦੇ ਲੋਕਾਂ ਨੂੰ ਚੰਗੇ ਲੱਗਦੇ ਹਨ:

ਅਕਾਸ਼ ਨੀਲਾ ਨੀਲਾ,ਵਗਣ ਹਵਾਵਾਂ
ਮੈਂ ਕੋਠੇ ਚੜ੍ਹਕੇ ਸ਼ੋਰ ਮਚਾਵਾਂ
ਹੋ ਆੜੀ ਮੇਰੇ ਨੱਚਦੇ
ਗੂਹੜੇ ਮੇਰੇ ਸੰਗੀ
ਪੀਂਘ ਸਤਰੰਗੀ.........

ਦਾਦੀ ਅੰਮਾ ਕਵਿਤਾ ਪਰਿਵਾਰਾਂ ਵਿੱਚ ਬਜੁਰਗਾਂ ਦੀ ਅਹਿਮੀਅਤ ਤੇ ਖਾਸ ਕਰਕੇ ਦਾਦੀ ਅੰਮਾਂ ਦੀ ਬੱਚਿਆਂ ਵਾਸਤੇ ਜਰੂਰਤ ਕਿ ਉਹ ਉਨ੍ਹਾਂ ਨੂੰ ਰਾਜੇ-ਰਾਣੀਆਂ,ਪਰੀਆਂ ,ਚੰਨ –ਤਾਰਿਆਂ ਦੀਆਂ ਬਾਤਾਂ ਸੁਣਾਏਗੀ, ਨੂੰ ਖੂਬ ਚਿਤਾਰਦੀ ਹੈ।

ਰਣਜੀਤ ਹਠੂਰ ਸੁਬਾਓ ਤੋਂ ਹੀ ਕੁਦਰਤ ਪ੍ਰੇਮੀ ਹੈ ਸ਼ਾਇਦ ਇਸੇ ਲਈ ਪੰਛੀ ਵੀ ਉਸਦੀ ਅੱਖ ਤੋਂ ਲੁਕ ਨਹੀ ਸਕੇ ਜਿੰਨ੍ਹਾਂ ਦਾ ਜਿਕਰ ਉਸਨੇ “ਦੂਰੋਂ ਦੂਰੋਂ ਆਉਂਦੇ ਪੰਛੀ” ਕਵਿਤਾਵਾ ਵਿੱਚ ਬਾਖੂਬ ਕੀਤਾ ਹੈ।

ਇੰਨ੍ਹਾਂ ਤੋਂ ਇਲਾਵਾ ਲੋਰੀ,ਸੂਰਜ,ਕਾਲੇ ਕਾਲੇ ਆਏ ਬੱਦਲ,ਛੁੱਟੀਆਂ ਆ ਗਈਆਂ,ਮੇਰਾ ਸਕੂਲ,ਬੱਚੇ,ਫੁੱਲ ਤੇ ਤਾਰੇ,ਭਦੌੜ ਬਿੱਲੀ ਆਈ ਆ,ਉਏ ਤਾਰਿਓ,ਦਿਲ ਦੇ ਅਮੀਰ ਬੱਚਿਓ,ਹਵਾ ਤਾਂ ਬੜੀ ਪਿਆਰੀ ਆ,ਕਾਲੀਆਂ ਇੱਟਾਂ ਕਾਲੇ ਰੋੜ,ਕੰ ਤੁਸੀਂ ਦੇਸ਼ ਦੇ ਸੰਵਾਰੋ ਬੱਚਿਓ,ਮੰਮੀ ਜੀ ਮੇਰਾ ਬਸਤਾ ਭਾਰਾ,ਪਿੰਡਾਂ ਦੇ ਜੁਆਕ ਹੁੰਦੇ ਬੜੇ ਹੀ ਨਿਆਰੇ ਕਵਿਤਾਵਾਂ ਨੂੰ ਉੱਨ੍ਹਾਂ ਦੇ ਸਿਰਲੇਖਾਂ ਜਾਂ ਵਿਸ਼ਿਆਂ ਅਨੁਸਾਰ ਬਾਲ ਸਾਹਿਤ ਦੀ ਕਸੌਟੀ ‘ਤੇ ਉਤਰਦਿਆਂ ਲੈ-ਬੱਧ ਢੰਗ ,ਸਾਦੇ,ਸ਼ਪੱਸਟ ਤੇ ਰੌਚਕ ਅੰਦਾਜ ਵਿੱਚ ਲਿਖਿਆ।ਬੱਚੇ ਇੰਨ੍ਹਾਂ ਕਵਿਤਾਵਾਂ ਨੂੰ ਬਾਖੂਬੀ ਬੋਲਕੇ ਜਾਂ ਗਾ ਕੇ ਪੇਸ਼ ਕਰਨ ਦੇ ਸਮਰੱਥ ਹਨ।

ਵਾਤਾਵਰਣ ਦੀ ਅਣਦੇਖੀ ਅਤੇ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਦੇ ਦੌਰ ਵਿੱਚ ਵੀ ਰਣਜੀਤ ਪਿੰਡਾਂ,ਗਲੀਆਂ,ਸੜਕਾਂ ਤੇ ਸਕੂਲਾਂ ਵਿੱਚ ਬੂਟੇ ਬੀਜਣ ਵਿੱਚ ਮਸ਼ਰੂਫ ਰਹਿੰਦਾ ਹੈ ।ਰੁੱਖਾਂ ਪ੍ਰਤੀ ਉਸਦਾ ਇਹ ਪਿਆਰ ਉਸਦੀ ਕਵਿਤਾ “ਮੈਂ ਇੱਕ ਰੁੱਖ ਬੋਲਦਾ ਹਾਂ” ਵਿੱਚ ਖੂਬ ਝਲਕਦਾ ਹੈ।ਕਵਿਤਾ ਡੂੰਘਾ ਸ਼ੰਦੇਸ ਛੱਡਦਿਆਂ ਪਾਠਕਾਂ ਨੂੰ ਭਾਵੁਕ ਕਰਦੀ ਹੈ।

ਦਿਲੀ ਮਨੋਕਾਮਨਾ ਕਰਦਾ ਹਾਂ ਕਿ ਰਣਜੀਤ ਹਠੂਰ ਦੀ ਕਲਮ ਬਾਲ ਸਾਹਿਤ ਦੀ ਹੋਰ ਸਿਰਜਣਾ ਕਰੇ ਤੇ ਉਹ ਪਾਠਕਾਂ ਦੀ ਝੋਲ਼ੀ ਵਿੱਚ ਇਸੇ ਪ੍ਰਕਾਰ ਪੁਸਤਕਾਂ ਪਾਉਂਦਿਆਂ ਸਾਹਿਤ ਦੀ ਸੇਵਾ ਵਿੱਚ ਮਸ਼ਰੂਫ ਰਹਿਣ।

# ਲੌਂਗ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ ਸਿੰਘ ਮੋਮਨਾਬਾਦ


ਧੂਰੀ ਸੰਗਰੂਰ ਹੈ ‘ਨੀ ਸੁਨਿਆਰੇ ਚੱਜ ਦੇ
ਮਾਨਸਾ ਸੁਨਾਮ ਵਾਲੇ ਬਹੁਤਾ ਠੱਗਦੇ
ਲੁਧਿਆਣੇ ਵਾਲੇ ਵੀ ਠੱਗਣ ਨੂੰ ਮਿੰਟ ਲਾਉਂਦੇ ਨੇ
ਸੋਨੇ ਵਿੱਚ ਮਿਲਾਵਟ ਰੱਜਕੇ ਮਿਲਾਉਂਦੇ ਨੇ
ਰੱਤੀਆਂ ਗਰਾਮਾਂ ਚ ਮਾਰਦਾ ਰਾਮਪੁਰੇ ਵਾਲਾ ਵੇ
ਘੜਾਦੇ ਮੈਨੂੰ ਲੌਂਗ ਪਟਿਆਲੇ ਤੋਂ ਸਰਦਾਰਾ ਵੇ

‘ਨੀ ਢਾਈ ਸੌ ਦਾ ਲੌਂਗ ਜਾਵੇ ਹੱਦਾਂ ਟੱਪਦੀ
ਐਵੇ ਸੁਨਿਆਰਿਆਂ ਨੂੰ ਤੂੰ ਮਾੜਾ ਦੱਸਦੀ
ਲੌਂਗ ਪਿੱਛੇ ਜਾਵੇ ਮੈਨੂੰ ਸੂਲੀ ਟੰਗੀ ‘ਨੀ
ਦੇਖਿਆ ਵੀ ਕਰ ਕਦੇ ਜੇਬ ਵਾਲੀ ਤੰਗੀ ‘ਨੀ
ਚੁੱਪ ਕਰਕੇ ਟਾਈਮ ਲੰਘਾ ਲੈ
‘ਨੀ ਭਾੜਾ ਮੁਕਜੂ ਸੋਹਣੀਏ ਦੂਰ ਆ ਸਹਿਰ ਪਟਿਆਲਾ

ਵਧੀਆ ਡਿਜੈਨ ‘ਨੀ ਬਣਾਉਂਦੇ ਮੰਡੀ ਦੇ
ਰੱਖੀ ਜਾਂਦੇ ਸੋਨਾ ਮਾਰੇ ਤੰਗੀ ਦੇ
ਰਾਏਕੋਟ ਬਰਨਾਲੇ ਵਾਲੇ ਤਾਂ ਰੜਕ ਕੱਢਦੇ
ਦੁਬਾਰਾ ਆਉਣ ਜੋਗਾ ਨਾ ਗਾਹਕ ਨੂੰ ਛੱਡ ਦੇ
ਖੋਟ ਵਿਚ ਮਾਰਦਾ ਬਠਿੰਡੇ ਵਾਲਾ ਵੇ
ਘੜਾਦੇ ਮੈਨੂੰ ਲੌਂਗ ਪਟਿਆਲੇ ਤੋਂ ਸਰਦਾਰਾ ਵੇ

ਇੱਕ ਲੌਂਗ ਕੀ ਤੈਨੂੰ ਕਰਾ ਦਿਉ ਹਾਰ ‘ਨੀ
ਅਹਿਮਦਗੜ੍ਹ ਚੱਲੀ ਤੂੰ ਬਲਵਿੰਦਰ ਦੇ ਨਾਲ ‘ਨੀ
ਇੱਕ ਕੰਮ ਦੋ ਕਾਜ ਹੋਣਗੇ ‘ਨੀ ਚੱਲੀ ਟੈਂਪੂ ਚੜਕੇ
ਤੇਰਾ ਲੌਂਗ ਆਜੂ ਨਾਲੇ ਆਵਾਂਗੇ ਬਿਲ ਬਿਜਲੀ ਦਾ ਭਰ ਕੇ
ਮੱਥੇ ਉੱਤੇ ਹੱਥ ਧਰ ਧਰ ਵੇਖੂ ਪਿੰਡ ਮੋਮਨਾਬਾਦ ਸਾਰਾ
‘ਨੀ ਭਾੜਾ ਮੁਕਜੂ ਸੋਹਣੀਏ ਦੂਰ ਆ ਸਹਿਰ ਪਟਿਆਲਾ

# “ਦਰਦਾਂ ਦੀ ਆਤਮਕਥਾ”




ਪੁਸਤਕ ਸਮੀਖਿਆ

ਪੁਸਤਕ :- “ਦਰਦਾਂ ਦੀ ਆਤਮਕਥਾ”

ਲੇਖਕ :- ਪਵਨ ਹਰਚੰਦਪੁਰੀ

ਸੰਪਰਕ:- 9417034029

ਪਬਲੀਕੇਸ਼ਨਜ :- ਸਪਰੈਂਡ ਪਬਲੀਕੇਸ਼ਨ ( ਪਟਿਆਲਾ)

ਮੁੱਲ :- 220/- ਰੁਪਏ

ਸਫੇ :- 112

ਗ਼ਜ਼ਲ ਇੱਕ ਐਹੋ ਜਿਹੀ ਸਿਨਫ਼ ਹੈ ਜਿਸ ਵਿਚ ਅਕਸਰ ਸਰੋਕਾਰਾਂ,ਵਿਚਾਰਾਂ ਅਤੇ ਭਾਵਾਂ ਦਾ ਵੰਨਸੁਵੰਨਾ ਦ੍ਰਿਸ਼ ਹੁੰਦਾ ਹੈ। ਅੱਜ ਪੰਜਾਬੀ ਸਾਹਿਤਕ ਗਲਿਆਰਿਆਂ ਅੰਦਰ ਨਵੇ ਸਾਇਰਾਂ ਧੜਾਧੜ ਗ਼ਜ਼ਲ ਲਿਖੀ ਜਾ ਰਹੀ ਤੇ ਗ਼ਜ਼ਲ ਦੇ ਮਾਹਿਰਾਂ ਵੱਲੋ ਇਸ ਨੂੰ ਹੋਰ ਵੀ ਖੂਬਸੂਰਤ ਦੇਣ ਲਈ ਖੋਜ ਪੱਤਰ ਅਤੇ ਕਿਤਾਬਾਂ ਸੰਪਾਦਕ ਕੀਤੀਆਂ ਜਾ ਰਹੀਆਂ ਹਨ।

ਮੈ ਅੱਜ ਗੱਲ ਕਰਨ ਜਾ ਰਿਹਾ ਪੰਜਾਬੀ ਮਾਂ ਬੋਲੀ ਨਾਮਵਰ ਸਾਹਿਤਕਾਰ ‘ਪਵਨ ਹਰਚੰਦਪੁਰੀ’ ਜੀ ਦੇ ਗ਼ਜ਼ਲ ਸੰਗ੍ਰਿਹ “ਦਰਦਾਂ ਦੀ ਆਤਮਕਥਾ” ਦੀ। ਪਵਨ ਹਰਚੰਦਪੁਰੀ ਜੀ ਬਹੁਤ ਮਿਹਨਤ ਲਗਨ ਵਾਲੇ ਸਾਹਿਤ-ਕਰਮੀ ਹਨ ਅਤੇ ‘ਕੇਦਰੀ ਲੇਖਕ ਸਭਾ ਸੇਖੋ (ਰਜਿ) ਦੇ ਮੌਜੂਦਾ ਪ੍ਰਧਾਨ ਹਨ । ਉਹ ਪੰਜਾਬੀ ਦੇ ਬਹੁ-ਵਿਧਾਈ ਲੇਖਕ ਹਨ। ਇਸ ਤੋ ਪਹਿਲਾ ਵੀ ਏਨਾ ਦੀਆਂ ਕਈ ਕਿਤਾਬਾਂ ਸਹਿਤਕ ਖੇਤਰ ਵਿਚ, ਸਹਿਤਕ ਪੁਰਸਕਾਰ ਹਾਸਿਲ ਕਰ ਚੁੱਕੀਆਂ ਹਨ। ਏਨਾ ਕਈ ਬਾਲ ਕਾਵਿ-ਸੰਗ੍ਰਿਹ, ਮਹਾਂ ਕਾਵਿ,ਗੀਤ ਸੰਗ੍ਰਿਹ, ਕਹਾਣੀ ਸੰਗ੍ਰਿਹ ਅਨੁਵਾਦ ਤੇ ਸੰਪਾਦਕ ਅਤੇ ਰਚੇ ਹੋਏ ਹਨ।

ਪਵਨ ਹਰਚੰਦਪੁਰੀ ਜੀ ਦੀ ਨਿਡਰ ਤੇ ਬੇਖੌਂਫ ਕਲਮ ਕਾਗਜ ਦੇ ਸੀਨੇ ਤੇ ਜਾਲਮ,ਲੁਟੇਰਿਆਂ, ਘਮੰਡੀ,ਮਾਨਵ ਵਿਰੋਧੀ ਰਾਜਸੀ ਹਾਕਮਾਂ ਵਿਰੁੱਧ ਅੰਦੋਲਨ ਦਾ ਐਲਾਨ ਕਰਦੀ ਹੈ ਅਤੇ ਜ਼ਮੀਰ ਵਾਲਿਆਂ ਨੂੰ ਠੋਕਰ ਮਾਰ ਜਗਾਉਂਦੀ ਹੈ ਤੇ ਹਾਅ ਦਾ ਨਾਅਰਾ ਮਾਰਦੀ ਕਹਿੰਦੀ :-

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਜਮੀਰਾਂ ਮਹਿੰਗੀਆਂ ਵਿਕੀਆਂ ਭਾਵੇ ਸਸਤੀਆਂ ਵਿਕੀਆਂ

ਸ਼ਰੇ ਬਾਜ਼ਾਰ ਵਿੱਚ ਆਕੇ ਕਈ ਅੱਜ ਹਸਤੀਆਂ ਵਿਕੀਆਂ

ਰੋ ਪਈ ‘ਹਰਚੰਦਪੁਰੀ’ ਫਿਰ ਮੁਲਕ ਆਪਣੇ ਦੀ ਜ਼ਮੀਰ

ਜਦ ਵਿੱਕ ਗਏ ਮਲਾਹ ਤੇ ਨਾਲ ਕਿਸ਼ਤੀਆਂ ਵਿਕੀਆਂ

ਅੱਜ ਮਨੁੱਖ ਤਰੱਕੀ ਕਰ ਕੁਦਰਤ ਨੂੰ ਭੁਲਦਾ ਜਾਦਾਂ, ਹਰਚੰਦਪੁਰੀ ਜੀ ਦੀ ਗ਼ਜ਼ਲ ਮਨੁੱਖ ਨੂੰ ਕੁਦਰਤ ਤੇ ਜੀਵ ਜੰਤੂਆਂ ਨਾਲ ਪਿਆਰ ਕਰਨ ਦਾ ਸੁਨੇਹਾ ਦਿੰਦੀ ।

ਆਪਣੇ ਘਰਾਂ ‘ਚ ਹੁਣ ਅਸੀ ਪੱਥਰ ਲਵਾ ਲਏ ਨੇ

ਜੀਵਾਂ ਤੇ ਜੰਤੂਆਂ ਤੋ ਮੁਖੜੇ ਭਵਾ ਲਏ ਨੇ

ਕੁਦਰਤ ਦੀ ਗੋਦ ਵਿੱਚ ਹੀ ਪਲਿਆਂ ਹੈ ਆਦਮੀ

‘ਹਰਚੰਦਪੁਰੀ’ ਹੁਣ ਫ਼ਰਕ ਕਿਉ ਕੁਦਰਤ ਤੋ ਪਾ ਲਏ ਨੇ

ਕਦੇ ਕਦੇ ਸ਼ਾਇਰ ਦੀ ਸੋਚ ਅੰਬਰ ਦੇ ਹਾਣ ਦਾ ਹੋਣ ਵੱਲ ਚਲੀ ਜਾਦੀ ਹੈ ਤੇ ਲਿਖਦੀ ਹੈ :-

ਹੋ ਜਾਂਦਾ ਜੇ ਮੈ ਵੀ ਕਦੇ ਅੰਬਰ ਦੇ ਹਾਣ ਦਾ

ਚੰਨ ਤਾਰਿਆਂ ਦਾ ਜੀਵਨ ਮੈ ਵੀ ਫਿਰ ਮਾਣ ਦਾ

ਕਰਮ ਕਰਦਾ ਰਹਿ ‘ਪਵਨ’ ਨਾ ਫਲ ਦੀ ਰੱਖ ਤੂੰ ਆਸ

ਐਵੇ ਕਿਉ ਸੋਚ-ਸੋਚ ਕੇ ਰਹੇ ਰੇਤਾ ਤੂੰ ਛਾਣਦਾ

‘ਪਵਨ ਹਰਚੰਦਪੁਰੀ’ ਜੀ ਕਲਮ ਮੁਹੱਬਤ ਦੀ ਗੱਠੜੀ ਬੰਨ ਤੁਰ ਗਏ ਮੁਹੱਬਤੀ ਦਿਲਬਰ ਦੀ ਯਾਦ ਵਿੱਚ ਪੀੜਾਂ ਨੂੰ ਕਾਗਜ਼ ਤੇ ਉਤਾਰ ਕੀ ਬਿਆਨ ਕਰਦੀ । ਸੇਅਰ ਵੱਲ ਧਿਆਨ ਦੇਣਾ :-

ਪਿਆਰ ਦਾ ਬੂਟਾ ਦਿਲ ਦੇ ਵਿਹੜੇ ਲਾ ਕੇ ਚਲਾ ਗਿਆ

ਬਿਨਾ ਕਹੇ ਹੀ ਮੈਨੂੰ ਕੁਝ ਸਮਝਾ ਕੇ ਚਲਾ ਗਿਆ

‘ਹਰਚੰਦਪੁਰੀ’ ਦਿਲ ਕਮਲਾ ਹੈ ਦੀਵਾਨਾ ਹੈ ਮੇਰਾ

ਇਸ਼ਕ ਦੇ ਅਰਮਾਨਾਂ ਨੂੰ ਭੜਕਾ ਕੇ ਚਲਾ ਗਿਆ

ਅਜੋਕੇ ਯੁੱਗ ਅੰਦਰ ਬੰਦਾ ਬੇਵੱਸ ਹੋਇਆਂ ਚਿੰਤਤ ਮਨ ਲੈ ਇਧਰ-ਉਧਰ ਭਟਕ ਰਿਹਾ।ਉਸ ਨੂੰ ਕਿਤੇ ਚਾਨਣ ਨਹੀ ਦਿਖ ਰਿਹਾ।ਓਹ ਆਪਣਾ ਆਪ ਲੱਭ ਰਿਹਾ। ਓਹ ਕਿਥੇ ਖੋ ਗਿਆਂ ‘ ਹਰਚੰਦਪੁਰੀ’ ਜੀ ਦੇ ਗ਼ਜ਼ਲ ਸੇਅਰ ਦੱਸਦੇ ਨੇ :-

ਚਿੰਤਾ ਵਿਚ ਡੁਬੋਇਆ ਬੰਦਾ

ਫਿਰਦਾ ਹੈ ਅਧਮੋਇਆ ਬੰਦਾ

ਕਿਸ ਥਾਂ ਜਾ ਕੇ ਉਮਰ ਲੰਘਾਵੇ

ਘਰ ਤੋ ਬੇਘਰ ਹੋਇਆ ਬੰਦਾ

‘ਹਰਚੰਦਪੁਰੀ’ ਫੜ ਬਾਂਹ ਬੰਦੇ ਦੀ

ਨ੍ਹੇਰੇ ਦੇ ਵਿਚ ਖੋਇਆ ਬੰਦਾ

‘ਪਵਨ ਹਰਚੰਦਪੁਰੀ’ ਇਕ ਸਾਫ ਸੁਥਰੇ ਅਕਸ ਦਾ ਮਾਲਕ ਹੈ। ਓਨਾਂ ਅੰਦਰ ਪਿਆਰ ਦੀ ਗੰਗਾ ਵਗਦੀ ਹੈ ਤੇ ਇਲਾਹੀ ਜੋਤ ਹਮੇਸ਼ਾਂ ਜਗਦੀ ਰਹਿੰਦੀ ਹੈ । ਇਸ ਕਰਕੇ ਖੁਦਾ ਨੂਰ ਕਲਮ ਦੇ ਰਾਹੀ ਬਰਸਦਾ ਰਹਿੰਦਾ ਹੈ ਅਤੇ ਸਾਡੇ ਨਾਲ ਮੁਹੱਬਤੀ ਸਾਂਝ ਪਾਉਂਦਾ ਹੈ। ਓਨਾਂ ਖੂਬਸੂਰਤ ਗ਼ਜ਼ਲ ਦੇ ਸੇਅਰਾਂ ਦੀ ਜੁਬਾਨ :-

ਪਿਆਰ ਦੀ ਗੰਗਾ ਭਾਵੇ ਮਨ ਵਿਚ ਵਗਦੀ ਹੈ

ਚਿੰਤਨ ਦੀ ਚੰਗਿਆੜੀ ਅੰਦਰੋ ਮਘਦੀ ਹੈ

ਤੀਜਾ ਨੇਤਰ ਖੁੱਲ੍ਹ ਜਾਵੇ ਜਦ ਬੰਦੇ ਦਾ

ਜੋਤ ਇਲਾਹੀ ਮਨ ਮੰਦਰ ਵਿੱਚ ਜਗਦੀ ਹੈ

ਸੋਚ ਸਿਦਕ ‘ਹਰਚੰਦਪੁਰੀ’ ਜਿਸ ਪੱਲੇ ਹੈ

ਮੁੱਖ ‘ਤੇ ਆਭਾ ਸੂਰਜ ਵਾਗੂੰ ਦਗਦੀ ਹੈ

‘ਪਵਨ ਹਰਚੰਦਪੁਰੀ’ ਜੀ ਦਾ ਗ਼ਜ਼ਲ ਸੰਗ੍ਰਿਹ “ਦਰਦਾਂ ਦੀ ਆਤਮਕਥਾ” ਪੜਦਿਆਂ ਮਨ ਦਾ ਪੰਛੀ ਆਪ ਮੁਹਾਰੇ ਪਰਵਾਜ਼ ਭਰਨ ਲੱਗਦਾ ਤੇ ਅੰਬਰਾਂ ਨੂੰ ਛੂਹਦਾ ਹੈ । ਅਸੀ ਜਿਵੇਂ ਜਿਵੇਂ ਅਸੀ ਗ਼ਜ਼ਲਾਂ ਨਾਲ ਸਾਂਝ ਪਾਉਂਦੇ ਹਾਂ ਤੇ ਓਨਾਂ ਰੰਗ ਵਿਚ ਰੰਗੇ ਜਾਂਦੇ ਹਾਂ।

‘ਪਵਨ ਹਰਚੰਦਪੁਰੀ’ ਜੀ ਨੂੰ ਖੂਬਸੂਰਤ ਗ਼ਜ਼ਲ ਸੰਗ੍ਰਿਹ “ਦਰਦਾਂ ਦੀ ਆਤਮਕਥਾ” ਦੀ ਮੁਬਾਰਕਬਾਦ। ਓਹ ਪੰਜਾਬੀ ਮਾਂ ਬੋਲੀ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿਣ। ਆਮੀਨ